*ਸੰਪਾਦਕੀ*

# ਪੈਲੀਆਂ, ਚਿੜੀਆਂ ਅਤੇ ਕੁੜੀਆਂ

ਧਰਤੀ ਮਾਂ ਦੇ ਜਿਸ ਹਿੱਸੇ ਵਿੱਚ ਫਸਲਾਂ ਝੂਮ ਰਹੀਆਂ ਹੁੰਦੀਆਂ, ਕਿਸਾਨ ਇਹਨਾਂ ਫਸਲਾਂ ਦੀ ਪਾਲਣਾ ਕਰ ਰਿਹਾ ਹੁੰਦਾ, ਉਸ ਥਾਂ ਨੂੰ ਲੋਕ ਪੈਲੀਆਂ ਕਹਿੰਦੇ/ ਸੁਣਦੇ ਆਏ ਹਨ।ਅੱਜ ਫ਼ਸਲਾਂ ਉਦਾਸ ਹਨ, ਉਹ ਉਡੀਕ ਰਹੀਆਂ ਹਨ ਆਪਣੇ ਮਾਲਕ ਨੂੰ ਜੋ ਉਨ੍ਹਾਂ ਦੇ ਅੰਗ ਸੰਗ ਰਹਿੰਦਾ ਸੀ। ਫਸਲਾਂ ਦੇ ਰੂਪ ਨੂੰ ਨਿਖਾਰਨ ਲਈ ਗੋਡੀ ਕੀਤੀ ਜਾਂਦੀ, ਨਾ ਕਿ ਬਿਨਾਂ ਸੋਚੇ ਸੋਚੇ ਸਮਝੇ ਜ਼ਹਿਰਾਂ ਦਾ ਛਿੜਕਾਓ ਕੀਤਾ ਜਾਂਦਾ। ਪੈਲੀਆਂ ਨੂੰ ਉਹ ਸੁਨਹਿਰੀ ਵਕਤ ਯਾਦ ਹੈ ਜਦ ਇਹਨਾਂ ਖੇਤਾਂ ਵਿੱਚ ਕੰਮ ਕਰਨ ਵਾਲੇ ਪਸੀਨਾ ਵਹਾਉਂਦੇ, ਕਾਮੇ ਮੁਕਾਬਲੇ ਕਰਦੇ ਹੋਏ ਨਵੇਂ ਕੀਰਤੀਮਾਨ ਸਥਾਪਿਤ ਕਰਦੇ ਅਤੇ ਹਾਸਿਆਂ ਦੀ ਛਹਿਬਰ ਲਗਦੀ। ਖਰਬੂਜੇ, ਹਦਵਾਨਿਆਂ, ਮੂਲੀਆਂ, ਗਾਜਰਾਂ ਆਦਿ ਨੂੰ ਵੰਡ ਲਿਆ ਜਾਂਦਾ, ਘਰ ਘਰ ਅੰਦਰ ਖੁਸ਼ੀਆਂ ਹੀ ਖੁਸ਼ੀਆਂ। ਭਾਵੇਂ ਸਿੱਕਿਆਂ ਦੀ ਕਮੀ ਸੀ, ਪਰ ਉਹ ਕਦੇ ਰੜਕੀ ਨਹੀਂ ਸੀ। ਫ਼ਸਲਾਂ ਨੂੰ ਬੂਰ ਪੈਂਦਾ, ਦੋਧੇ ਦਾਣੇ ਪੈਂਦੇ, ਚਿੜੀਆਂ ਵੀ ਆਪਣਾ ਹਿੱਸਾ ਖਾ ਜਾਂਦੀਆਂ। ਹਵਾ ਵਿੱਚ ਨਾਚ ਨੱਚਦੀਆਂ, ਨੇੜੇ ਹੀ ਕਿਸੇ ਰੁੱਖ ਦੀ ਟਹਿਣੀ ’ਤੇ ਆਲਣਾ ਬੁਣ ਲੈਂਦੀਆਂ। ਭੱਤਾ ਲੈ ਕੇ ਮੁਟਿਆਰਾਂ ਦੀ ਆਮਦ ਨਾਲ ਸਾਰਾ ਮਾਹੌਲ ਸੁਹਾਵਣਾ ਹੋ ਜਾਂਦਾ। ਖੇਤਾਂ ਦੀਆਂ ਵੱਟਾਂ ਤੇ ਤੁਰਦੀਆਂ ਦੇ ਜਿਸਮ ਅਜਿਹੀ ਕਰਵਟ ਲੈਂਦੇ ਤਾਂ ਮਹਿਸੂਸ ਹੁੰਦਾ ਕਿ ‘ਸਾਡੇ ਖੇਤਾਂ ਵਿੱਚ ਰੱਬ ਵੱਸਦਾ, ਸਾਨੂੰ ਸਵਰਗਾਂ ਦੀ ਲੋੜ ਕੋਈ ਨਾ।’



ਲੋਕ ਕੱਚੇ ਘਰਾਂ ਵਿੱਚ ਰਹਿੰਦੇ ਸਨ, ਪਰ ਮੱਥੇ ਤਿਊੜੀ ਨਜ਼ਰ ਨਹੀਂ ਆਉਂਦੀ ਸੀ। ਲਵੇਰੀਆਂ ਖੁਰਲੀਆਂ ਤੇ ਬੱਝੀਆਂ ਹੁੰਦੀਆਂ, ‘ਦੁੱਧ ਅਤੇ ਪੁੱਤ’ ਦੀ ਗੱਲ ਨੂੰ ਸੁਣਿਆ ਜਾਂਦਾ। ਫਿਰ ਅਚਾਨਕ ਅਜਿਹੀ ਹਨੇਰੀ ਚੱਲੀ, ਆਪਣੇ ਨਾਲ ਹਾਸੇ, ਖੁਸ਼ੀਆਂ ਅਤੇ ਖੇੜੇ ਉਡਾ ਕੇ ਲੈ ਗਈ। ਸਿੱਕਿਆਂ ਦੀ ਦੌੜ ਚੱਲ ਪਈ, ਖੇਤਾਂ ਦੇ ਪੁੱਤਰ ਵਿਦੇਸ਼ਾਂ ਵਿੱਚ ਮਜ਼ਦੂਰ ਬਣ ਕੇ ਕੌਹਲੂ ਦੇ ਬੈਲ ਬਣ ਗਏ। ਉਹਨਾਂ ਦੀ ਕਮਾਈ ਨਾਲ ਇਧਰ ਕੋਠੀਆਂ ਬਣ ਗਈਆਂ, ਸੰਗਮਰਮਰ ਦਾ ਦੌਰ ਆ ਗਿਆ।



ਬਹੁਤੇ ਨੌਜਵਾਨ ਪੱਕੇ ਹੀ ਵਿਦੇਸ਼ਾਂ ਵਿੱਚ ਵੱਸ ਗਏ, ਜੋ ਹੁਣ ਬਜ਼ੁਰਗੀ ਹੰਢਾ ਰਹੇ ਹਨ। ਪਛਤਾ ਰਹੇ ਹਨ ਕਿ ਕਿੰਨਾ ਵਡਮੁੱਲਾ ਸਰਮਾਇਆ ਕੁਰਬਾਨ ਕਰ ਬੈਠੇ ਹਾਂ ਡਾਲਰਾਂ ਦੀ ਚੱਕਾ ਚੌਂਧ ਵਿੱਚ।

ਹੀਰ ਕਦੋਂ ਦੀ ਡਾਲਰਾਂ ਦੀ ਤੱਕੜੀ ਵਿੱਚ ਤੁੱਲ ਚੁੱਕੀ ਹੈ। ਹੀਰ ਦਾ ਪੂਰ ਵੀ ਭੇਡ ਚਾਲ ਦਾ ਸ਼ਿਕਾਰ ਹੋ ਕੇ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਹੋਰ ਮੁਲਕਾਂ ਵਿੱਚ ਜਾ ਚੁੱਕਾ ਹੈ, ਗੁਆਚੀ ਗਾਂ ਵਾਂਗ ਆਪਣੇ ਅਤੀਤ ਨੂੰ ਲੱਭਣ ਦੀ ਤਾਂਘ ਵਿੱਚ ਅੱਥਰੂ ਵਹਾ ਰਿਹਾ ਹੈ. ਹੀਰ ਅਤੇ ਉਸਦਾ ਪੂਰ ਖੁਸ਼ੀਆਂ ਦੇ ਮੌਕਿਆਂ ਤੇ ਗਿੱਧੇ ਦਾ ਅਜਿਹਾ ਦ੍ਰਿਸ਼ ਸਿਰਜਦਾ ਸੀ ਕਿ ਜਿਵੇਂ ਸਵਰਗ ਤੋਂ ਪਰੀਆਂ ਧਰਤੀ ਤੇ ਆ ਗਈਆਂ ਹੋਣ। ਕਾਲਜਾਂ ਦੇ ਸੱਭਿਆਚਾਰਕ ਸਮਾਗਮਾਂ ਸਮੇਂ ਨਾਚ ਅਤੇ ਬੋਲੀਆਂ ਦੀ ਇਕਸੁਰਤਾ ਦਰਸ਼ਕਾਂ ਵਿੱਚ ਨਵੀਆਂ ਤਾਜ਼ਗੀ ਭਰ ਦਿੰਦਾ। ਵੇਖਦੇ ਵੇਖਦੇ ਨਵੀਆਂ ਦੁਕਾਨਾਂ ਨਜ਼ਰ ਆਈਆਂ, ਉਪਰ ਮੋਟੇ ਅੱਖਰਾਂ ਵਿੱਚ ਆਈਲੈਟਸ ਸੈਂਟਰ–ਵਿਦੇਸ਼ਾਂ ਵਿੱਚ ਜਾਣ ਦਾ ਸੁਨਹਿਰੀ ਮੌਕਾ। ਸਲਵਾਰ ਕਮੀਜ਼ ਦੀ ਥਾਂ ਤੇ ਲੁੰਡੀ ਸ਼ਰਟ ਅਤੇ ਜੀਨ ਦੀ ਪੈਂਟ ਨੇ ਕਬਜ਼ਾ ਕਰ ਲਿਆ। ਸੁਪਨੇ ਲੈਂਦੀਆਂ ਵਿਭਿੰਨ ਦੇਸ਼ਾਂ ਵਿੱਚ ਪਹੁੰਚ ਗਈਆਂ। ਪਰ ਬੇਰੁਜ਼ਗਾਰੀ ਨੇ ਉਹਨਾਂ ਦੇ ਸੁਫ਼ਨੇ ਤਾਰ ਤਾਰ ਕਰ ਦਿੱਤੇ, ਮੰਡੀ ਦਾ ਮਾਲ ਬਣ ਕੇ ਰਹਿ ਗਈਆਂ।

ਇਧਰ ਚਿੜੀਆਂ ਜੋ ਕਦੇ ਕੁੜੀਆਂ–ਜਿਹੀਆਂ ਜਾਪਦੀਆਂ ਸਨ, ਜ਼ਹਿਰਾਂ ਦੇ ਛਿੜਕਾਓ ਨਾਲ ਪਲੀਆਂ ਫਸਲਾਂ ਵੱਲ ਤੱਕ ਕੇ ਚੋਗਾ ਚੁੱਗਣ ਤੋਂ ਤੋਬਾ ਕਰ ਬੈਠੀਆਂ। ਕਹਿੰਦੇ ਹਨ ਮੋਬਾਇਲ ਦੀਆਂ ਤਰੰਗਾਂ ਨੇ ਵੀ ਇਹਨਾਂ ਕੋਮਲ ਸਰੀਰ ਵਾਲੀਆਂ ਚਿੜੀਆਂ ਦਾ ਭੋਗ ਪਾ ਦਿੱਤਾ। ਹੁਣ ਉਦਾਸ ਪੈਲੀਆਂ ਵਿੱਚ ਨਾ ਖੇਤਾਂ ਦੇ ਪੁੱਤਰ ਹਨ, ਨਾ ਕੁੜੀਆਂ ਹਨ ਅਤੇ ਨਾ ਹੀ ਚਿੜੀਆਂ।

ਆਪਣੇ ਗੀਤ ਕਿੰਜ ਗਾਈਏ, ਬੋਲ ਨਾ ਚੜ੍ਹਦੇ ਸਾਜ ’ਤੇ
ਆਪਣੀ ਮਿੱਟੀ ਤੋਂ ਮੂੰਹ ਫੇਰ ਕੇ, ਚੜ੍ਹ ਜਾ ਦੂਰ ਜਹਾਜ਼ ’ਤੇ।


**ਪ੍ਰੋ. ਸਤਵਿੰਦਰ ਬੇਗੋਵਾਲੀਆ**
**98154-65620**

◆◆◆

# ਕਾਵਿ ਸੰਸਾਰ

## ਕੈਸੇ ਕੈਸੇ ਮੱਤਦਾਨ ਹੋਣ ਲੱਗੇ

**ਪ੍ਰੋ. ਕੁਲਵੰਤ ਔਜਲਾ**



ਦੇਖ ਮੌਲਾ ਤੇਰੀ ਦੁਨੀਆਂ ਵਿੱਚ ਕੈਸੇ ਕੈਸੇ ਮੱਤਦਾਨ ਹੋਣ ਲੱਗੇ
ਚੰਗੇ ਭਲੇ ਆਦਮੀ ਹਿੰਦੂ ਸਿੱਖ ਇਸਾਈ ਮੁਸਲਮਾਨ ਹੋਣ ਲੱਗੇ
ਵੱਡੇ ਵੱਡੋ ਮੋਟੇ-ਮੋਟੇ ਲਾਰਿਆਂ ਦਾ ਹੜ੍ਹ ਆਇਆ ਹਰ ਪਾਸੇ
ਮੁਕਾਬਲੇ ਦੀ ਪ੍ਰੀਖਿਆ ਦੇ ਜਿਵੇਂ ਆਖ਼ਰੀ ਇਮਤਿਹਾਨ ਹੋਣ ਲੱਗੇ
ਬਹੁਭਾਂਤੀ ਨਸ਼ਿਆਂ ਦੀ ਪਿੰਡ ਪਿੰਡ ਸ਼ਹਿਰ ਸ਼ਹਿਰ ਸਪਲਾਈ
ਗੂੰਗੇ ਬੋਲੇ ਅੰਨ੍ਹੇ ਤੇ ਅਪਾਹਜ ਦੀਨ ਤੇ ਇਮਾਨ ਹੋਣ ਲੱਗੇ
ਸਾਂਝਾਂ, ਸੁਰਾਂ, ਸੁਪਨੇ ਤੇ ਸਵਾਸ ਵਿਭਾਜਤ ਹੋਏ ਫਿਰਨ
ਪੁੱਤ ਭਤੀਜਿਆਂ, ਭਾਣਜਿਆਂ ਤੇ ਭਰਾਵਾਂ ਦਰਮਿਆਨ ਹੋਣ ਲੱਗੇ
ਲਾਰਿਆਂ, ਲਲਕਾਰਿਆਂ ਤੇ ਫੁੰਕਾਰਿਆਂ ਦਾ ਸੁਣ ਸੁਣ ਕੇ ਸ਼ੋਰ
ਬੋਲ ਨਜ਼ਮਾਂ ਤੇ ਨਗ਼ਮਿਆਂ ਦੇ ਹੈਰਾਨ ਤੇ ਪਰੇਸ਼ਾਨ ਹੋਣ ਲੱਗੇ
ਮੱਥੇ ਫੜ ਫੜਕੇ ਕਲਮਾਂ, ਕਿਤਾਬਾਂ ਤੇ ਕਵਿਤਾਵਾਂ ਸੋਚਣ
ਕਿਉਂ ਅਸਤ ਹੋ ਗਏ ਸੂਰਜ, ਕਿਉਂ ਧੁੰਦਲੇ ਅਸਮਾਨ ਹੋਣ ਲੱਗੇ
ਪੇਡ ਖ਼ਬਰਾਂ, ਪੇਡ ਇਸ਼ਤਿਹਾਰ, ਪੇਡ ਚੈਨਲ, ਪੇਡ ਵੋਟਰ
ਵਿਕਣ ਲਈ ਕਾਹਲੇ ਹੈਵਾਨ, ਸ਼ੈਤਾਨ ਤੇ ਇਨਸਾਨ ਹੋਣ ਲੱਗੇ
ਸੱਤਾ ਦੇ ਦਲਾਲਾਂ ਨੇ ਲੀਰਾਂ-ਲੀਰਾਂ ਕਰ ਦਿੱਤਾ ਗੁਲਿਸਤਾਨ
ਉਜੜੇਗੀ ਹਰ ਹਾਲਤ ਸਰਹਿੰਦ ਅਜਿਹੇ ਅਨੁਮਾਨ ਹੋਣ ਲੱਗੇ
ਕੋਈ ਮਾਡਲ, ਕੋਈ ਮੈਪ, ਕੋਈ ਵੀਹ-ਵੀਹ ਗਰੰਟੀਆਂ ਵੰਡੇ
ਪੱਬਾਂ ਭਾਰ, ਤਸਕਰ, ਨਸ਼ਈ ਤੇ ਬੇਈਮਾਨ ਹੋਣ ਲੱਗੇ
ਜੋ ਜੱਦੀ ਪੁਸ਼ਤੀ ਪੰਜੇ ਸਨ ਉਹ ਅਚਾਨਕ ਝਾੜੂ ਹੋ ਗਏ
ਜੋ ਖ਼ਾਨਦਾਨੀ ਤਕੜੀ ਸਨ ਉਹ ਝਟਪਟ ਕਮਲ ਨਿਸ਼ਾਨ ਹੋਣ ਲੱਗੇ
ਦੇਖ ਬਾਜਾਂ ਵਾਲਿਆਂ ਦੇਖ ਆ ਕੇ ਪੰਜਾਬ ਜ਼ਰਾ ਆਪਣਾ
ਵੋਟਾਂ ਵਾਲਿਆਂ ਦੇ ਮਨਜ਼ੂਰ ਸ਼ੁਦਾ ਅੱਡੇ ਤੇਰੇ ਧਰਮ ਅਸਥਾਨ ਹੋਣ ਲੱਗੇ।

◆◆◆



## ਦੁਆ ਕਰੀਂ.....

**ਸੰਧੂ ਵਰਿਆਣਵੀ**

ਦੁਆ ਕਰੀਂ
ਮੇਰੇ ਸੰਗ-ਦਿਲ ਦੋਸਤ
ਕਿ ਆਲਣੇ 'ਚ ਆਉਣ ਵਾਲਾ ਬੋਟ
ਮੇਰੇ ਤੇ ਤੇਰੇ ਵਰਗਾ ਨਾ ਹੋਵੇ
ਤੇ ਨਾ ਹੀ ਉਸ ਨਵੇਂ ਬੋਟ ਨੂੰ
ਤੂੰ ਆਪਣੇ ਪਰਾਂ 'ਤੇ ਉਡਣਾ ਸਿਖਾਵੀਂ
ਕਿਉਂਕਿ ਜੇ ਉਹ ਤੇਰੇ ਪਰਾਂ 'ਤੇ ਉਡਣਾ ਸਿੱਖਿਆ
ਜ਼ਰੂਰ ਹੀ ਇਕ ਨਾ ਇਕ ਦਿਨ
ਹਵਾਵਾਂ ਵਾਂਗ ਉਹ ਵੀ
ਤੇਰੇ ਵਾਂਗ ਹੀ ਦਰਿਆ ਤੋਂ ਰੁਖ਼ ਬਦਲ ਲਵੇਗਾ
ਤੇ ਫਿਰ ਹਮੇਸ਼ਾਂ-ਹਮੇਸ਼ਾਂ ਲਈ
ਸੋਚਾਂ ਦੇ ਸਮੁੰਦਰ 'ਚ ਗਰਕ ਹੋ ਜਾਵੇਗਾ
ਤੇ ਆਪਣਾ ਘਰ ਵਸਾਉਣ ਦਾ ਖਿਆਲ ਜ਼ਿਹਨ 'ਚ ਪਾਲੀ
ਤੇਰੇ ਵਾਂਗ ਹੀ
ਕਿਸੇ ਦੇ ਸੋਚਾਂ ਦੇ ਘਰ ਨੂੰ ਖੰਡਰਾਤ ਵਿੱਚ ਬਦਲ ਦੇਵੇਗਾ
ਤੇ ਉਮਰ ਭਰ ਲਈ ਸਵੇਰੇ ਸ਼ਾਮ, ਨਫ਼ਰਤ ਦੇ ਅੰਗਿਆਰੇ
ਪੈਰਾਂ ਹੇਠ ਧਰ ਜਾਵੇਗਾ।
ਬੇਸ਼ੱਕ ! ਉਹ ਮੇਰੇ ਜਿਸਮ ਦਾ ਹਿੱਸਾ ਨਾ ਸਹੀ
ਪਰ ਫਿਰ ਵੀ
ਤੂੰ ਉਸ ਨੂੰ, ਮੇਰੇ ਵਾਂਗ ਹੀ
ਸੋਚਾਂ ਦੇ ਸਾਗਰੀਂ ਤੈਰਨ ਦੀ ਆਦਤ ਨਾ ਪਾਵੀਂ
ਕਿਉਂਕਿ ਉਹ ਵੀ, ਕਦੇ ਨਾ ਕਦੇ
ਮੇਰੇ ਵਾਂਗ ਹੀ
ਸੋਚਾਂ ਦੇ ਸਾਗਰੀਂ ਤਾਰੀਆਂ ਲਾਉਂਦਾ-ਲਾਉਂਦਾ
ਆਪਣੀ ਹੀ ਅੱਗ ਵਿੱਚ ਝੁਲਸ ਜਾਵੇਗਾ।
ਕਿਉਂਕਿ ਸੋਚਾਂ ਦੇ ਸਾਗਰ ਤਾਰੀਆਂ

ਉਸ ਦੇ ਕੋਮਲ ਹਿਰਦੇ ਨੂੰ
ਕਦੇ ਵੀ
ਠੰਢਿਆਂ-ਠਾਰ ਨਹੀਂ ਕਰ ਸਕਣਗੀਆਂ
ਇਸ ਲਈ ਵੀ
ਕਿ ਉਹ ਕਿਧਰੇ ਮੇਰੇ ਵਾਂਗ ਹੀ
'ਪੁੰਨੂੰ ਵਾਂਗ ਸੱਸੀ' ਨੂੰ ਛੱਲ ਜਾਵੇ।
ਸੋ ਮੇਰੇ ਸੰਗ-ਦਿਲ ਦੋਸਤ
ਤੂੰ ਕੋਸ਼ਿਸ਼ ਕਰੀਂ
ਕਿ ਉਹ ਆਪਣੇ ਪਰਾਂ 'ਤੇ ਉੱਡਣਾ ਸਿੱਖੇ।

**-ਪਰਦੀਪ ਆਸ਼ਿਆਨਾ**
**ਬਸੰਤ ਨਗਰ, ਵਾਰਡ ਨੰ. 10**
**ਗੜ੍ਹਸ਼ੰਕਰ-144527**
**(ਹੁਸ਼ਿਆਰਪੁਰ)**
**ਮੋ. 99159-76210**

◆◆◆

## ਦੋਹਾਂ ਪਿੰਡਾਂ ਦੀ ਇਕ ਸੜਕ

**ਸੁਖਦੇਵ ਸਿੱਧੂ**

ਸਾਡੇ ਦੋ ਪਿੰਡਾਂ ਦੀ ਇਕ ਸੜਕ ਸੀ ਵੰਡਤੀ ਅੱਧ ਵਿਚਕਾਰ,
ਇਹਦੀ ਵੀ ਇੱਕ ਅਜੀਬ ਕਹਾਣੀ ਪ੍ਰਕਿਰਿਆ 'ਚੋਂ ਬਾਹਰ।
ਕਈ ਦਹਾਕਿਆਂ ਭੂਮੀਗਤ ਰਿਹੈ ਇੱਟਾਂ ਚਿਨਿਆਂ ਰਸਤਾ,
ਰੇਤੇ ਵਿੱਚ ਪੈਰ ਸੀ ਧਸਦੇ, ਲੋਕੀਂ ਹੁੰਦੇ ਖੱਜਲ ਖੁਆਰ।
ਪੰਜੇ ਵਾਲਾ ਗਹਿਰੀਲਾ ਨੇਤਾ ਸਾਡੇ ਪਿੰਡ ਉਦੋਂ ਹੀ ਆਇਆ,
ਬੇਰੀ ਸਾਹਿਬ ਗੁਰਦੁਆਰੇ ਤੱਕ, ਮੈਥੋਂ ਬੱਜਰੀ ਲੁੱਕ ਤਿਆਰ।
ਲਹਿੰਦੇ ਕੰਨੀਂ ਮੁਹਤਬਰਾਂ ਨੇ ਐਸਾ ਵੱਡਾ ਬੀੜਾ ਚੁੱਕਿਆ,
ਬੱਤੀ ਫੁੱਟ ਦਾ ਮਾਰਗ ਕੱਢ ਕੇ ਫਿਰ ਲੀਕਾਂ ਦਿੱਤੀਆਂ ਮਾਰ।
ਚੜ੍ਹਦੇ ਵਾਲੇ ਵੀ ਕਿਹੜਾ ਘੱਟ ਸਨ, ਪਿੰਡ 'ਚੋਂ ਮੰਗ ਪਵਾਈ,
ਆਪਣੀ ਹੱਦ ਤਾਈਂ ਵਾਹੋਦਾਰੀ ਮਿਲ ਆਏ ਸਾਰਾ ਕੰਮ ਸੁਵਾਰ।
ਇੱਕ ਧਿਰ ਕਹਿੰਦੀ ਦੂਈ ਤਾਈਂ ਧਰ ਲੈ ਹੁਣ ਜਿਗਰਾ ਭੈਣੇ,
ਦੇਸ਼ ਆਪਣੇ ਦੀ ਅਰਥ ਵਿਵਸਥਾ ਡਿੱਗੀ ਆ ਗੋਡਿਆਂ ਭਾਰ।
ਮੁੜ ਦੋਨਾਂ ਪਾਸਿਓਂ ਹੱਦ ਬੰਨ੍ਹੇ ਤੱਕ, ਕਹੀਆਂ ਨਾਲ ਪੂਰੇ ਟੋਏ,
ਫੋਕੀ ਸ਼ਾਬਾਸ਼ੀ ਦੇਣ ਵੀ ਨਾ ਪਹੁੰਚੀ ਉਦੋਂ ਲੋਕਸ਼ਾਹੀ ਸਰਕਾਰ
ਦੁਵੱਲਿਓਂ ਬੇਨਤੀ ਪੱਤਰ ਸਨ ਘੁੰਮਦੇ, ਭਿੜਵੇਂ ਜ਼ੋਰ ਸਨ ਲੱਗਦੇ,
ਛਿਪਦੇ ਪਾਸੇ ਦਾ ਸਰਪੰਚ ਬਣ ਗਿਆ, ਰੁਮਾਲੀ ਦਾ ਸਰਦਾਰ।
ਖਬਰੇ ਕਿੰਨਾਂ ਹੋਰ ਹੈ ਵੰਡਣਾ ਹੱਦਬੰਦੀਆਂ ਵਿੱਚ ਜ਼ਰੀਬਾਂ ਨੇ,
ਸਰਹੱਦਾਂ ਬਣ ਕੇ 'ਦੇਸ਼' ਹੈ ਬੈਠਾ, ਰੁਕਦਾ ਨਹੀਂ ਕਰਨੋਂ ਵਾਰ।
ਆਉਂਦੇ ਜਾਂਦੇ ਬੋਲ ਕਦੇ ਜਦ, ਤਿੜਕੀ ਵਿਥਿਆ ਦੁਹਰਾਉਂਦੇ,
ਇਸ ਕਲਮੂੰਹੇ ਯੁੱਗ ਵਿੱਚੋਂ ਬੰਦਾ ਨਿਕਲ ਸਕਿਆ ਨਾ ਬਾਹਰ।

**ਪਿੰਡ ਤੇ ਡਾ. ਸਿਧਵਾਂ ਦੋਨਾਂ**
**ਕਪੂਰਥਲਾ-144625**
**ਮੋ. 98886-33481**

◆◆◆

## ਵਕਤ ਦੀ ਆਵਾਜ਼

**ਹਰਭਜਨ ਸਿੰਘ ਖੇਮਕਰਨੀ**

ਵਕਤ ਦੀ ਆਵਾਜ਼ ਸੁਣ
ਕੰਨਾਂ 'ਤੇ ਕਰ ਵਿਸ਼ਵਾਸ
ਅਣਕਹੀਆਂ ਗੱਲਾਂ ਸੁਣਨਾ
ਕਹੀਆਂ ਗੱਲਾਂ ਤੋਂ ਔਖਾ ਹੁੰਦੈ
ਇਹ ਵੀ ਸੋਚ ਏ
ਕਿ ਬੀਤੇ ਸਮੇਂ ਦੀ ਪੈੜ
ਆਉਣ ਵਾਲੇ ਸਮੇਂ ਲਈ
ਪ੍ਰੇਰਣਾ-ਸ੍ਰੋਤ ਬਣਦੀ ਏ।
ਵਕਤ ਦੀ ਆਵਾਜ਼ ਸੁਣ
ਸੁਰੀਲੀ ਨਹੀਂ ਏ ਤਾਂ ਨਾ ਸਹੀ
ਸ਼ਬਦ ਜ਼ਰੂਰ ਝੰਜੋੜਣਗੇ
ਚੇਤਨ ਵੀ ਕਰਨਗੇ
ਬੋਲੇ ਹੋਣ ਦਾ ਬਹਾਨਾ

ਜੱਗ ਜ਼ਾਹਰ ਹੋ ਜਾਇਆ ਕਰਦੈ।

ਵਕਤ ਦੀ ਆਵਾਜ਼ ਸੁਣ
ਘਾਟੀ ਵਿੱਚ ਗੂੰਜਦੀ ਆਵਾਜ਼
ਉਹੀ ਕੁਝ ਬੋਲਦੀ ਏ
ਜਿਹੋ ਜਿਹੀ ਸੁਣਦੀ ਏ
ਸੱਚ ਦੀ ਗੂੰਜ ਕਦੇ ਵੀ
ਝੂਠੀ ਨਹੀਂ ਹੋਇਆ ਕਰਦੀ।

ਵਕਤ ਦੀ ਆਵਾਜ਼
ਸ਼ੁਭ ਕਰਮਨ ਦਾ ਸੁਨੇਹਾ
ਥੱਪ-ਥਪਾ ਰਿਹੈ ਤੇਰੇ ਬੂਹੇ
ਚੇਤਨ ਹੋ ਤੇ ਸੋਚ
ਬੀਤਿਆ ਆਧਾਰ ਹੁੰਦੈ
ਵਰਤਮਾਨ ਸਾਕਾਰ ਹੁੰਦੈ।

**4381-ਏ, ਰਣਜੀਤਪੁਰਾ**
**ਪੁਤਲੀਘਰ, ਅੰਮ੍ਰਿਤਸਰ-143002**
**ਮੋ. 98781-31525**

◆◆◆

***ਕਾਵਿ ਵਿਅੰਗ***

## ਅੰਨ੍ਹੀ ਦੌੜ

**ਪ੍ਰਿੰ. ਨਵਰਾਹੀ ਘੁਗਿਆਣਵੀ**



ਅੰਨ੍ਹੀ ਟਕੇ ਦੀ ਦੌੜ ਨੇ ਜੱਗ ਸਾਰਾ,
ਪੁੱਠੇ ਚੱਕਰਾਂ ਵਿੱਚ ਉਲਝਾਇਆ ਸੂ।
ਰਿਸ਼ਤੇ ਨਾਤਿਆਂ ਵਿੱਚ ਤ੍ਰੇੜ ਆਈ,
ਹਰ ਥਾਂ ਕੂੜ ਤੇ ਕਹਿਰ ਕਮਾਇਆਂ ਸੂ।
ਰੂਪਵੰਤ ਨੇ ਰੂਪ ਦੀ ਹੱਟ ਪਾਈ,
ਹਰ ਦਿਲਦਾਰ ਨੂੰ ਗਾਹਕ ਬਣਾਇਆ ਸੂ।
ਦੇਖ ਦੇਖ ਕੇ ਹੋਛੀਆਂ ਹਰਕਤਾਂ ਨੂੰ,



ਮੇਰਾ ਚਿੱਤ ਰਤਾ ਘਬਰਾਇਆ ਸੂ।

**ਨਹਿਰ ਨਜ਼ਾਰਾ, ਨਵਾ ਹਰਿੰਦਰ ਨਗਰ**
**ਫਰੀਦਕੋਟ-151203**
**ਮੋਬਾਇਲ. 98150-02302**

◆◆◆

## ਨਫ਼ਰਤ ਦੀ ਕੰਧ

**ਸੁਖਦੇਵ ਸਿੰਘ ਗੰਢਵਾਂ**

ਛੱਡ ਵੈਰ ਵਿਰੋਧ ਈਰਖਾ ਨੂੰ
ਮਨੋ ਕੱਢ ਹੰਕਾਰੀ ਦੁਰਗੰਧ ਦਿਓ॥
ਰੱਖੋ ਰਾਵਤਾ ਸਾਂਝੀਵਾਲਤਾ ਦਾ
ਐਸੀ ਪ੍ਰੀਤ ਵਾਲੀ ਲਾ ਗੰਢ ਦਿਓ॥
ਕਰੋ ਦੂਰ ਬੁਰਾਈਆਂ ਸਮਾਜ ਵਿਚੋਂ
ਦੇ ਸਭ ਨੂੰ ਇਹ ਸੁਗੰਧ ਦਿਓ॥
ਭਲੇ ਬੁਰੇ ਦੀ ਕਰੇ ਪਛਾਣ ਜਿਹੜੀ
ਬਣਾ ਮਨ ਦੀ ਇਹ ਪਸੰਦ ਦਿਓ॥
ਰਾਹ ਉਨਤੀ ਦੇ ਜਾਣਾਂ ਲੋਚਦੇ ਓ
ਵੱਢ ਭ੍ਰਿਸ਼ਟਾਚਾਰ ਦਾ ਜੰਡ ਦਿਓ॥
ਪਾਵੇ ਵੰਡੀਆਂ ਜੋ ਸਮਾਜ ਅੰਦਰ
ਢਾਹ "ਸੁੱਖਿਆ" ਨਫ਼ਰਤ ਦੀ ਕੰਧ ਦਿਓ।

**89-ਸਤਨਾਮਪੁਰਾ (ਪੁਰਾਣਾ), ਗਲੀ ਨੰ. 2**
**ਫਗਵਾੜਾ (ਕਪੂਰਥਲਾ)**
**ਮੋ. 96467-56737**

◆◆◆

## ਵਗਦਾ ਪਾਣੀ

**ਮਹਿੰਦਰ ਮਾਨ**

ਮੈਂ ਦਰਿਆ ਦਾ
ਵਗਦਾ ਪਾਣੀ ਹਾਂ
ਮੈਂ ਤਾਂ ਹਰ ਹਾਲ

ਅੱਗੇ ਹੀ ਅੱਗੇ ਵਧਣਾ ਹੈ
ਅੱਗੇ ਵਧਣ ਲਈ
ਚਾਹੇ ਮੈਨੂੰ
ਪੱਥਰਾਂ 'ਚੋਂ ਰਸਤਾ
ਬਣਾਉਣਾ ਪਵੇ
ਜਾਂ ਫਿਰ ਚਾਹੇ ਮੈਨੂੰ
ਮਿੱਟੀ ਨੂੰ ਰੋੜ੍ਹ ਕੇ
ਨਾਲ ਲਿਜਾਣਾ ਪਵੇ
ਆਲਸੀ ਤੇ ਡਰਪੋਕ
ਮੇਰੇ ਵਗਦੇ ਵਲ
ਵੇਖਦੇ ਰਹਿ ਜਾਣਗੇ
ਪਰ ਹਿੰਮਤੀ ਤੇ ਬਹਾਦਰ
ਮੇਰੀ ਵਰਤੋਂ ਨਾਲ ਖੇਤੋਂ
ਅੰਨ ਪੈਦਾ ਕਰ ਲੈਣਗੇ
ਜਾਂ ਫਿਰ ਡੈਮ ਬਣਾ ਕੇ
ਬਿਜਲੀ ਪੈਦਾ ਕਰ ਲੈਣਗੇ।

**ਪਿੰਡ ਤੇ ਡਾ. ਰਕੜਾਂ ਢਾਹਾਂ**
**ਜ਼ਿਲ੍ਹਾ-ਸ਼ਹੀਦ ਭਗਤ ਸਿੰਘ ਨਗਰ**
**ਮੋ. 99158-03554**

◆◆◆



# .ਗਜ਼ਲ ਸੱਥ

## ਪ੍ਰਤਾਪ ਪਾਰਸ ਗੁਰਦਾਸਪੁਰੀ



ਸਭ ਕੁਝ ਛੱਡ-ਛੁਡਾ ਕੇ ਆਏ ਹਾਂ।
ਰੋਸੇ-ਰੰਜ ਭੁਲਾ ਕੇ ਆਏ ਹਾਂ।
ਹਰ ਕੋਈ ਡੰਗ ਚਲਾਵੇ ਇਥੇ,
ਸੱਜਣ ਵੀ ਅਜਮਾ ਆਏ ਹਾਂ।
ਚਾਹਤ ਨਹੀਂ ਕੋਈ ਆਵੇ ਪਿੱਛੇ,
ਪੈੜਾਂ ਸਭ ਮਿਟਾ ਆਏ ਹਾਂ।
ਜਿਹੜਾ ਨਾਂ ਸੀ ਮੁੜ-ਮੁੜ ਜਪਦੇ,
ਨਾਂ 'ਤੇ ਕਾਟਾ ਵਾਹ ਆਏ ਹਾਂ।
ਹੁਣ ਚਾਨਣ ਦੀ ਲੋੜ ਰਹੀ ਨਾ,
ਇਸ ਲਈ ਦੀਪ ਬੁਝਾ ਆਏ ਹਾਂ।
ਉਸ ਰਾਹੀਂ ਮੁੜ ਪੈਰ ਨਾ ਪਾਉਣੇ,
ਚੱਲ ਕੇ ਜਿਹੜੇ ਰਾਹ ਆਏ ਹਾਂ।
ਸਾਡਾ ਵੀ ਕੋਈ ਆਪਣਾ ਹੋਵੇ,
ਇਹ ਵੀ ਰੀਝ ਮੁਕਾ ਆਏ ਹਾਂ।
ਹਸਰਤ ਮਰ ਗਈ ਹੋਣ-ਥੀਣ ਦੀ,
ਤਾਜ ਬਣਾਇਆ ਢਾਹ ਆਏ ਹਾਂ।
ਸਾਰ ਸੁਲਗਦੇ ਸ਼ਬਦਾਂ ਦਾ ਇਕ,
ਲਿਖ ਕੇ ਨਗਮਾ ਗਾ ਆਏ ਹਾਂ।
ਮਿਲੀ ਨਾ ਖ਼ੈਰ ਮੁਹੱਬਤ ਵਾਲੀ,
ਨਗਰੀ ਸਾਰੀ ਗਾਹ ਆਏ ਹਾਂ।
'ਪਾਰਸ' ਸ਼ਹਿਰ ਮੁਬਾਰਕ ਤੈਨੂੰ,
ਅੰਤਿਮ .ਫ਼ਤਿਹ ਬੁਲਾ ਆਏ ਹਾਂ।

**ਮਕਾਨ ਨੰ. 394, ਸੈਕਟਰ43-ਏ**
**ਨਜ਼ਦੀਕ ਕਮਿਊਨਿਟੀ ਸੈਂਟਰ, ਚੰਡੀਗੜ੍ਹ,**
**ਮੋ. 99888-011681**

◆◆◆

## ਪ੍ਰੋ. ਗੁਰਭਜਨ ਗਿੱਲ

ਵਿਹੜੇ ਦੇ ਵਿੱਚ ਬੀਜੀਆਂ ਰੀਝਾਂ, ਬਿਰਖ਼ ਮੁਹੱਬਤਾਂ ਵਾਲੇ।
ਪਰ ਇਨ੍ਹਾਂ ਨੂੰ ਫੁੱਲ ਕਿਉਂ ਪੈਂਦੇ, ਹਰ ਮੌਸਮ ਵਿੱਚ ਕਾਲੇ।
ਹੰਸਣੀਆਂ ਤਿਰਹਾਈਆਂ ਰੀਝਾਂ, ਕੂੰਜੜੀਆਂ ਦੀਆਂ ਡਾਰਾਂ,
ਬੇਕਦਰਾ ਤੂੰ ਵੇਖ ਨਜ਼ਰ ਭਰ, ਲਾਹ ਅੱਖੀਆਂ ਦੇ ਜਾਲੇ।
ਚੰਦਨ ਰੁੱਖ ਨੂੰ ਨਾਗ ਵਲੇਵਾਂ, ਬੇਵੱਸ ਨੇ ਖ਼ੁਸ਼ਬੋਈਆਂ,
ਜੇ ਤੂੰ ਜਾਨ ਸਲਾਮਤ ਚਾਹੇਂ, ਨੇੜ ਨਾ ਆਵੀਂ ਹਾਲੇ।
ਆਲ੍ਹਣਿਆਂ ਵਿੱਚ ਰਾਤ ਗੁਜ਼ਾਰਨ, ਪੰਛੀ ਤੇ ਪਰਦੇਸੀ,
ਏਸ ਨਗਰ ਤਾਂ ਕੋਇਲ ਪਪੀਹੇ, ਹੋਠੀਂ ਰੱਖਦੇ ਤਾਲੇ।
ਬੂਹੇ ਅੱਗੇ ਥੋਹਰ ਦਾ ਬੂਟਾ, ਕਿਉਂ ਲਾਇਆ ਨੀ ਜਿੰਦੇ,
ਇਹ ਕੰਡਿਆਰੀ ਮਾਰੂਥਲ ਦੀ, ਰੱਖ ਨਾ ਆਲ ਦੁਆਲੇ।
ਚਾਰ ਦੀਵਾਰਾਂ ਉਪਰ ਛੱਤਾਂ, ਬਾਰੀਆਂ ਤੇ ਕੁਝ ਬੂਹੇ,
ਏਕ ਮਕਾਨ 'ਚ ਡੁਸਕ ਰਹੇ ਘਰ, ਖ਼ੁਸ਼ਬੂ ਕੌਣ ਸੰਭਾਲੇ।
ਦਿਲ ਦਰਿਆ ਦਾ ਤਾਰੂ ਬਣ ਕੇ, ਮਾਰ ਕਦੇ ਤੂੰ ਝਾਤੀ,
ਵੇਖ ਲਿਆ ਕਰ ਰੂਹ ਦੇ ਨੇੜੇ, ਵਹਿੰਦੇ ਨਦੀਆਂ ਨਾਲੇ।

**113 ਐਫ, ਸ਼ਹੀਦ ਭਗਤ ਸਿੰਘ ਨਗਰ**
**ਪੱਖੋਵਾਲ ਰੋਡ, ਲੁਧਿਆਣਾ-141013**
**ਮੋ. 98726-31199**

◆◆◆

## ਪ੍ਰੋ. ਜਸਵੰਤ ਸਿੰਘ ਕੈਲਵੀ

ਸੁਣਿਆ ਹੈ ਕਿ ਪਾ ਲਈ ਉਸ ਨੇ ਸੂਰਜ ਦੇ ਸੰਗ ਯਾਰੀ
ਏਸੇ ਕਰਕੇ ਖੋਹਲੀ ਰੱਖਦੈ ਘਰ ਆਪਣੇ ਦੀ ਬਾਰੀ।

ਜੰਗਲ ਦੀ ਚੁੱਪ ਸ਼ਹਿਰ 'ਚ ਆਈ ਇਕ ਦਿਨ ਘੁੰਮਦੀ ਘੁੰਮਦੀ
ਮੁੜ ਗਈ ਡਰ ਕੇ ਜਦ ਉਸ ਵੇਖੀ ਰੌਲੇ ਦੇ ਹੱਥ ਆਰੀ।

ਕੱਚੀ ਕੰਧ ਹੈ ਅੱਜ ਵੀ ਓਹੋ ਚਾਹੇ ਲਿੱਪੀ ਪੋਚੀ
ਰੁੜ੍ਹ ਗਈ ਫੈਸ਼ਨ ਅੰਦਰ ਵੇਖੋ ਕੀਕੂੰ ਅੱਜ ਦੀ ਨਾਰੀ

ਹੌਕੇ ਉੱਗੇ ਵਿੱਚ ਹਵਾਵਾਂ–ਖੁਸ਼ੀਆਂ ਲੱਭੀਏ ਕਿੱਥੇ?
ਦੂਸ਼ਿਤ ਵ੍ਹਾ ਨੇ ਪੈਦਾ ਕੀਤੀ–ਚਾਰੋਂ ਤਰਫ਼ ਬੀਮਾਰੀ



ਗਲੀਆਂ ਅੰਦਰ ਧੁੱਪ ਨਾ ਵੜਦੀ ਸ਼ਰਮਾਵੇ ! ਮੁੜ ਜਾਵੇ !
ਘਰ ਦੇ ਵਿਹੜੇ ਖੁਲ੍ਹੇ ਕਰੀਏ ਢਾਹ ਕੇ ਚਾਰ ਦੀਵਾਰੀ !

ਕਿੰਨੀਆਂ ਝੀਲਾਂ ਕਿੰਨੀਆਂ ਨਦੀਆਂ ਵਗਦੇ ਨੇ ਦਰਿਆ ਵੀ।
ਇਨਸਾਨ ਘਰਾਂ 'ਚ ਨਾਵ੍ਹਣ ਵਾਲੇ ਕੀ ਲਾਵਣਗੇ ਤਾਰੀ?

ਸ਼ਹਿਰ ਅਸਾਡੇ ਸਰਕਸ ਆਉਂਦੀ, ਆਉਂਦੀ ਰਹਿੰਦੀ ਅਕਸਰ
ਇਸ ਸਰਕਸ ਵਿੱਚ ਖੋਤੇ ਕਰਦੇ ਸ਼ੇਰਾਂ ਦੀ ਅਸਵਾਰੀ।

ਔਕੜ ਵਾਲੇ ਟਾਵਾਂ ਲੱਭੇ, ਜੋਧਾ, ਸੂਰਾ, ਸਿਦਕੀ
ਫਸਲੀ ਜਿਹੜੀ ਹੋਣ ਬਟੇਰੇ, ਜਾਂਦੇ ਮਾਰ ਉਡਾਰੀ।

ਉਸ ਕਾਤਿਲ਼ ਨੂੰ ਢੂੰਢ ਰਿਹਾ ਹਾਂ 'ਜੱਸ ਮੈਂ ਚਾਰ ਚੁਫ਼ੇਰੇ !
ਜਿਸ ਕਾਤਿਲ਼ ਨੇ ਮੇਰੇ ਦਿਲ ਤੇ ਅੱਖ ਦੀ ਬਰਛੀ ਮਾਰੀ।

**ਬੀ-597, ਰਣਜੀਤ ਐਵੀਨਿਊ ਅੰਮ੍ਰਿਤਸਰ-143001**
**ਮੋ. 98783-81474**

◆◆◆

## ਸੁਰਜੀਤ ਦੇਵਲ

ਪੀਣੀ ਹੈ ਤਾਂ ਪੀਣੀ ਮੈਂ ਤੇਰੇ ਮੈਖ਼ਾਨੇ।
ਰਹਿਤ ਹੋਜੇ ਤੇਰੀ ਤਾਂ ਨਿਭ ਜਾਣ ਯਰਾਨੇ।

ਜਾਮ ਪਿਆ ਕੇ ਤੋਰੇਂ ਤੂੰ ਤਾਂ ਰੂਹ ਰਜਾ ਕੇ,
ਰਾਤ ਦਿਨੇ ਪੀਂਦੇ ਨੇ ਤੇਰੇ ਤਾਂ ਦੀਵਾਨੇ।

ਜਾਗ ਪਵੇ ਜਦ ਤਾਂਘ ਵਸਲ ਦੀ ਹਿਰਦੇ ਵਿਚੋਂ,
ਵੱਲ ਸ਼ਮਾਂ ਦੇ ਉਡਣ ਲਗਦੇ ਨੇ ਪਰਵਾਨੇ।

ਦਸਤਕ ਦੇਣ ਬਰੂਹਾਂ ਤੇ ਜੋ ਆ ਕੇ ਤੇਰੇ,
ਬਣ ਜਾਂਦੇ ਨੇ ਤੇਰੇ ਨਾ ਉਹ–ਰਹਿਣ ਬਿਗ਼ਾਨੇ।

ਬਦਲੀ ਨਾ ਤੇਰੇ ਮੈਖ਼ਾਨੇ ਦੀ ਪਗਡੰਡੀ,
ਬਦਲੀ ਭਾਵੇਂ ਤੋਰ ਸਮੇਂ ਦੇ ਨਾਲ ਜ਼ਮਾਨੇ।

ਹੋਰ ਜ਼ਰੀਆ ਮੈਨੂੰ ਕੋਈ ਨਜ਼ਰ ਨਾ ਆਵੇ,
ਲੈਂਦੇ ਕਰ ਦੀਦਾਰ ਤੁਹਾਡੇ ਪੀਣ ਬਹਾਨੇ।

ਯਾਦ ਤਿਰੀ ਵਿੱਚ ਬਹਿਕੇ ਜਦ ਮੈਂ ਰੋਵਾਂ ਹੱਸਾਂ,
'ਦੇਵਲ' ਨੂੰ ਆਲਮ ਸਾਰਾ ਪਾਗਲ ਗਰਦਾਨੇ।

**10ਬੀ/490, ਸਿਵਪੁਰੀ**
**ਨਜ਼ਦੀਕ ਬਾਬਾ ਬਾਲਕ ਨਾਥ ਮੰਦਰ, ਧੂਰੀ-148024**
**ਜ਼ਿਲ੍ਹਾ ਸੰਗਰੂਰ**
**ਮੋ. 92563-67202**

◆◆◆

## ਸੁਖਾਵਾਂ ਲੱਗਦਾ ਹੈ

**ਮਲਕੀਤ ਦਰਦੀ**

ਦਿਲ ਮਿਲਿਆ ਜੇ ਹੋਵੇ ਸਫ਼ਰ ਸੁਖਾਵਾਂ ਲੱਗਦਾ ਹੈ।
ਨਹੀਂ ਤਾਂ ਬੰਦਾ ਇਕੱਲਤਾ ਦਾ ਪਰਛਾਵਾਂ ਲੱਗਦਾ ਹੈ।

ਜਦ ਦੇਖਾਂ ਦਰ ਖੁੱਲ੍ਹਾ ਉਸਦੇ ਘਰ ਦੇ ਬੂਹੇ ਦਾ,
ਇਸ਼ਕ ਇਬਾਦਤ ਹੁੰਦੀ ਹੈ ਦਰਗਾਹਾਂ ਲੱਗਦਾ ਹੈ।

ਖ਼ੂਨੀ ਨੇ ਸਰਹੱਦਾਂ ਲੱਖਾਂ ਜਾਨਾਂ ਗਈਆਂ ਸੀ
ਹੁਣ ਕਬਰਾਂ 'ਚ ਕੋਈ ਨਾ ਸਿਰਨਾਵਾਂ ਲੱਗਦਾ ਹੈ।

ਦਫ਼ਾ ਚੁਤਾਲੀ ਪੰਚਕੂਲੇ 'ਚ ਲੱਖਾਂ 'ਕੱਠੇ ਨੇ,
ਵੋਟ ਦਾ ਕਰਜਾ ਦਿੱਤਾ ਹੀ ਪਰਤਾਵਾਂ ਲੱਗਦਾ ਹੈ।

ਔਖੇ ਵੇਲੇ ਬਾਂਹ ਫੜੀ ਨਾ ਕਿਸੇ ਕਿਸਾਨਾਂ ਦੀ,
ਕਰਜ਼ਾ ਮੁਆਫ਼ੀ ਵਾਅਦਾ ਡੰਗ ਟਪਾਵਾਂ ਲੱਗਦਾ ਹੈ।

ਜੱਦੀ ਪੁਸ਼ਤੀ ਚੀਜਾਂ ਤਾਂ ਸੌਖੇ ਵੰਡ ਲਈਆਂ ਨੇ,
ਮਾਪੇ ਸਾਂਭਣ ਵਾਲਾ ਕੰਮ ਦੁਖਾਵਾਂ ਲੱਗਦਾ ਹੈ।



ਖ਼ੁਦ ਹੀ ਚੁਗਣੇ ਪੈਂਦੇ ਹੱਥੀਂ ਬੀਜ ਕੰਡੇ ਵੀ,
'ਦਰਦੀ' ਦੁੱਖ ਵੰਡਾਵੇ ਵਾਂਗ ਭਰਾਵਾਂ ਲੱਗਦਾ ਹੈ।

**ਟੀ-2/359, ਰਣਜੀਤ ਸਾਗਰ ਡੈਮ**
**ਸ਼ਾਹਪੁਰ ਕੰਢੀ ਟਾਊਨਸ਼ਿਪ-145029**
**ਜ਼ਿਲ੍ਹਾ-ਪਠਾਨਕੋਟ**
**ਮੋ. 73474-89902**

◆◆◆


## ਭੁਪਿੰਦਰ ਸੰਧੂ

ਬਾਗ਼ ਅੰਦਰ ਜੋ ਅੱਗ ਲੱਗੀ ਹੈ!
ਆਪਣਿਆਂ ਕੀਤੀ ਠੰਗੀ ਹੈ!
ਭੇਸ ਵਟਾ ਕੇ ਫਿਰਨ ਇਹ ਡਾਕੂ,
ਵਰਦੀ ਨੀਲ਼ੀ ਜਾਂ ਬੱਗੀ ਹੈ!
ਯਾਰ ਕਰੇ ਗੈਰਾਂ ਦੀ ਸੰਗਤ,
ਵੇਖੋ! ਕੇਹੀ ਵਾਅ ਵੱਗੀ ਹੈ!!
ਮਿਹਨਤ ਕਰ ਕਰ ਹਾਰੇ ਹਾਂ,
ਗਲ ਦੇ ਵਿੱਚ ਪਾਟੀ ਝੱਗੀ ਹੈ!
ਆਪ ਗਿਰੋਂਗੇ ਇਸ ਵਿਚ ਠੱਗੋ!
ਲੋਕਾਂ ਲਈ ਪੁੱਟੀ ਡੱਗੀ ਹੈ?
ਇਕ ਪੀੜ ਪਰਾਹੁਣੀ ਆਈ ਸੀ,
ਹੁਣ ਸਾਥਣ ਜਾਪਣ ਲੱਗੀ ਹੈ!
ਉਸ ਦਾ ਹਾਲ ਬੁਰਾ ਹੈ 'ਸੰਧੂ'
ਜੋ ਗ਼ੈਰਾਂ ਦੇ ਲੜ ਲੱਗੀ ਹੈ।

**ਮਕਾਨ ਨੰ. 26118,**
**ਗਲੀ ਨੰ. ਢਾਈ ਅਮਰਪੁਰਾ ਬਸਤੀ ਬਠਿੰਡਾ-151001**
**ਮੋ. 96461-08157**

◆◆◆

### ਰਾਜਿੰਦਰ ਵਰਮਾ



ਦਰਦ ਉਨ੍ਹਾਂ ਨੇ ਆਪਣਾ ਵੰਡ ਲੈਣਾ।
ਜਦ ਗੈਰਾਂ ਨੂੰ ਆਪਣਾ ਬਣਾ ਲੈਣਾ।
ਦੁੱਖਾਂ ਦੀਆਂ ਪੂਣੀਆਂ ਕੱਤ ਲੈਣੀਆਂ,
ਜਦ ਬ੍ਰਿਹੋਂ ਦਾ ਚਰਖਾ ਉਨਾਂ ਡਾਹ ਲੈਣਾ।
ਅੱਲੇ ਜ਼ਖਮਾਂ ਉਤੇ ਮਰਹਮ ਮੁਹੱਬਤ ਦੀ
ਪਿਆਰ ਦਾ ਪੋਟਾ ਜ਼ਖਮਾਂ ਨੂੰ ਛੂਹਾ ਲੈਣਾ।
ਪੀੜ ਘੱਟ ਜਾਊਗੀ ਜੁਦਾਈਆਂ ਵਾਲੀ
ਜਦੋਂ ਤਹਿਨਾਈ ਨੂੰ ਘੁੱਟ ਸੀਨੇ ਲਗਾ ਲੈਣਾ।
ਗੀਤ ਬ੍ਰਿਹਾ ਦਾ ਗਾ ਲੈਣਾ ਰਲ-ਮਿਲ ਕੇ
ਫੇਰ ਤਾਲ ਨਾਲ ਤਾਲ ਉਨਾਂ ਮਿਲਾ ਲੈਣਾ।


ਮੋ. 98156-60419
327, ਗੁਰੂ ਗੋਬਿੰਦ ਸਿੰਘ ਨਗਰ, ਗਲੀ ਨੰ. 8/6
ਨਿਊ ਸ਼ਿਮਲਾਪੁਰੀ, ਲੁਧਿਆਣਾ 141003


◆◆◆

### ਭਜਨ ਸਿੰਘ ਵਿਰਕ

ਕਿਰਤ ਦੀ ਕਮਾਈ ਨੂੰ, ਵਿਹਲੜ ਨੇ ਚੁਰਾਇਆ ਹੈ,
ਮਜਬੂਰ ਵਿਚਾਰੇ ਨੂੰ, ਹਰ ਹਾਲ ਦਬਾਇਆ ਹੈ।
ਅੱਜਕਲ ਦੀ ਸਚਾਈ ਹੈ, ਪੈਸਾ ਹੀ ਖ਼ੁਦਾਇਆ ਹੈ,
ਪੈਸੇ ਨੇ ਜ਼ਮਾਨੇ ਨੂੰ, ਉਂਗਲ 'ਤੇ ਨਚਾਇਆ ਹੈ।
ਪੈਸੇ ਨੇ ਪੁਆੜੇ ਦਾ, ਕਿਰਦਾਰ ਨਿਭਾਇਆ ਹੈ,
ਯਾਰਾਂ ਤੇ ਭਰਾਵਾਂ ਨੂੰ, ਆਪਸ 'ਚ ਲੜਾਇਆ ਹੈ।
ਹਰ ਸੋਚ ਰੁਕੇ ਇਸ 'ਤੇ, ਇਸ ਮਗਰ ਜਿਵੇਂ ਦੌੜੇ,
'ਕਰਤਾਰ' ਜ਼ਮਾਨੇ ਨੇ, ਪੈਸੇ ਨੂੰ ਬਣਾਇਆ ਹੈ।
ਠੱਗੀ ਦੀ ਕਮਾਈ 'ਤੇ, ਠੱਗ ਜਸ਼ਨ ਮਨਾਉਂਦੇ ਨੇ,
ਮਜ਼ਦੂਰ ਵਿਚਾਰੇ ਨੇ, ਬਸ ਡੰਗ ਟਪਾਇਆ ਹੈ
ਕੋਇਲ ਨਾ ਕਦੇ ਪਾਲ਼ੇ ਬੱਚੇ ਜੋ ਉਹਦੇ ਆਪਣੇ,
ਕਾਉਣੀ ਨੂੰ ਸਦਾ ਉਸਨੇ, ਉਲੂ ਹੀ ਬਣਾਇਆ ਹੈ।
ਕਮਜਾਤ ਕਹੋ ਉਸਨੂੰ ਜਿਸਨੇ ਵੀ ਮੁਹੱਬਤ ਵਿੱਚ
ਮਹਿਬੂਬ ਨਿਮਾਣੇ ਤੋਂ, ਕੋਈ ਭੇਤ ਛੁਪਾਇਆ ਹੈ।


ਪਿੰਡ ਤੇ ਡਾਕ. ਵਿਰਕ-144632
ਜ਼ਿਲ੍ਹਾ-ਜਲੰਧਰ




# ਗੀਤਾਂ ਦੀ ਗੂੰਜ ਅਤੇ ਵਿਅੰਗ ਚੌਕੇ

## ਵੀਰ ਸ਼ਹੀਦੋ ਮੇਰਾ ਸਲਾਮ

ਪ੍ਰੋ. ਸਤਵਿੰਦਰ ਬੇਗੋਵਾਲੀਆ

ਵੀਰ ਸ਼ਹੀਦੋ, ਮੇਰਾ ਸਲਾਮ
ਹੱਸ-ਹੱਸ ਕੇ ਕੀਤੀ ਜਿੰਦ ਕੁਰਬਾਨ।
ਵੀਰ ਸ਼ਹੀਦੋ.....

ਗੂੜ੍ਹੀ ਨੀਂਦੇ ਸੁੱਤਾ ਦੇਸ਼, ਤੁਸਾਂ ਹੀ ਜਗਾਇਆ ਸੀ।
'ਸਾਡੇ ਹੱਕ ਇਥੇ ਰੱਖ, ਇਹ ਪਾਠ ਪੜ੍ਹਾਇਆ ਸੀ।
ਮੁਰਦਾ ਰੂਹਾਂ 'ਚ ਪਾਈ, ਇਕ ਨਵੀਂ ਜਾਨ
ਵੀਰ ਸ਼ਹੀਦੋ, ਮੇਰਾ ਸਲਾਮ।

ਦੇਸ਼ ਸੇਵਾ ਕਰਦੇ ਹੋਏ, ਐਸ਼ ਅਰਾਮ ਛੱਡਿਆ।
ਹਵਾਵਾਂ ਦੇ ਰੁੱਖ ਬਦਲੇ, ਜਿਥੇ ਝੰਡਾ ਗੱਡਿਆ।
ਅੱਗੇ ਹੀ ਵਧਦੇ ਗਏ, ਚਾਹੇ ਆਏ ਤੂਫ਼ਾਨ
ਵੀਰ ਸ਼ਹੀਦੋ, ਮੇਰਾ ਸਲਾਮ।

ਗੋਰਿਆਂ ਦੇ ਕੰਨਾਂ ਤਾਈਂ, ਆਵਾਜ਼ ਪਹੁੰਚਾਈ ਸੀ।
ਚਾਹੇ ਖਾਧੀ ਲਾਠੀ ਗੋਲੀ, ਚਾਹੇ ਫਾਂਸੀ ਆਈ ਸੀ।
ਕੋਨੇ ਕੋਨੇ ਤਾਈਂ ਪੁੱਜਾ, ਆਜ਼ਾਦੀ ਦਾ ਪੈਗ਼ਾਮ
ਵੀਰ ਸ਼ਹੀਦੋ, ਮੇਰਾ ਸਲਾਮ।

ਸੁਫ਼ਨੇ ਸ਼ਹੀਦਾਂ ਦੇ, ਸਾਕਾਰ ਕਰੋ ਲੋਕੋ!
ਤੁਰ ਗਏ ਜੋ ਜੋਬਨ ਰੁੱਤੇ, ਵਿਚਾਰ ਕਰੋ ਲੋਕੋ!
ਧਰਤੀ ਮਾਂ ਦੇ ਜਾਏ ਗਾਓ, ਸੱਜਰਾ ਕੋਈ ਗਾਣ
ਵੀਰ ਸ਼ਹੀਦੋ, ਮੇਰਾ ਸਲਾਮ
ਹੱਸ ਹੱਸ ਕੇ ਕੀਤੀ ਜਿੰਦ ਕੁਰਬਾਨ।

98154-65620

◆◆◆

## ਬਾਤ ਪਾਵਾਂ

**ਜਗਜੀਤ ਸਿੰਘ ਗੁਰਮ**



ਬਾਤ ਪਾਵਾਂ ਬਤੋਲੀ ਪਾਵਾਂ।
ਸੱਚੋ ਸੱਚੀ ਗੱਲ ਸੁਣਾਵਾਂ।
ਸਾਡੇ ਪਿੰਡ ਜਦ ਖੂਹ ਹੁੰਦੇ ਸੀ।
ਰੌਣਕਾਂ ਵਾਲੇ ਹੁੰਦੇ ਸੀ।
ਰਾਹਾਂ ਦੇ ਵਿੱਚ ਮੱਝਾਂ-ਗਾਵਾਂ।
ਛੇੜੂ ਫਿਰਦੇ ਵਾਂਗ ਹਵਾਵਾਂ।
ਬਲਦਾਂ ਦੇ ਗੱਲ ਟੱਲੀਆਂ ਦਾ ਹੁਣ
ਸੁਣੇ ਸੰਗੀਤ ਨਾ ਵਿੱਚ ਫਿਜਾਵਾਂ।
ਬਾਤ ਪਾਵਾਂ.......।

ਚੱਲਦੇ ਖੂਹ ਦੀ ਅਜਬ ਕਹਾਣੀ।
ਠੰਢਾ ਮਿੱਠਾ ਸੁੱਚਾ ਪਾਣੀ।
ਸਭ ਨੇ ਆਪਣੀ ਗੱਲ ਸੁਣਾਉਂਣੀ।
ਕੁੜੀਆਂ ਚਿੜੀਆਂ ਝੁਰਮਟ ਪਾਉਣੀ।
ਕੱਪੜੇ ਧੋਂਦੀਆਂ ਫਿਰਦੀਆਂ ਮਾਵਾਂ।
ਕਿਧਰੇ ਧੁੱਪਾਂ ਕਿਧਰੇ ਛਾਵਾਂ।
ਭਰ ਭਰ ਆਉਂਦੀਆਂ ਟਿੰਡਾਂ ਵਰਗੇ
ਵਾਅਦੇ ਕਿਥੋਂ ਲਭ ਲਿਆਵਾਂ।
ਬਾਤ ਪਾਵਾਂ.......।

ਖੇਤਾਂ ਵਿੱਚ ਨਾ ਦਿਸਦੀਆਂ ਮੱਕੀਆਂ।
ਪਿੰਡ ਦੀਆਂ ਭੱਠੀਆਂ ਥੱਕੀਆਂ ਥੱਕੀਆਂ।
ਸਾਝਾਂ ਦੀ ਮੁਕ ਗਈ ਕਹਾਣੀ।
ਹਰ ਘਰ ਦੇ ਵਿਚ ਉਲਝੀ ਤਾਣੀ।
ਸੱਥਾਂ ਵਿਚ ਅਪਣੱਤ ਰਹੀ ਨਾ।
ਬਸ ਕਰ 'ਗੁਰਮਾ' ਹੋਰ ਕਹੀਂ ਨਾ।
ਸੋਚਾਂ ਕਿਹੜੀ ਦਿਸ਼ਾ ਨੂੰ ਜਾਵਾਂ



ਜਿਥੋਂ ਲੱਭ ਉਹ ਦਿਨ ਲੈ ਆਵਾਂ।

ਬਾਤ ਪਾਵਾਂ ਬਤੋਲੀ ਪਾਵਾਂ।
ਸੱਚੋ ਸੱਚੀ ਗੱਲ ਸੁਣਾਵਾਂ।

**ਮਕਾਨ ਨੰ.1008/29/2,**
**ਗਲੀ ਨੰ. 8**
**ਬਾਲ ਸਿੰਘ ਨਗਰ, ਜੋਧੇਵਾਲ**

◆◆◆

## ਹੱਕ ਮਿਲਦੇ

**ਸੁਰਜੀਤ ਦੇਵਲ**

ਹੱਕ ਮਿਲਦੇ ਤਲੀ 'ਤੇ ਸੀਸ ਧਰਕੇ,
ਮੰਗਿਆਂ ਨਾ ਮੌਤ ਮਿਲਦੀ।
ਉਠੋ ਕਾਮਿਓ ਹੌਸਲਾ ਕਰਕੇ
ਮੰਗਿਆ ਨਾ......

ਕਿਰਤੀ ਤੇ ਕਾਮੇ ਹੁੰਦੇ ਕਿਸੇ ਦੇ ਮੁਹਤਾਜ ਨਾ।
ਦਿਲਾਂ ਵਿਚ ਕੈਦ ਰਹਿੰਦੀ ਸੱਚ ਦੀ ਆਵਾਜ਼ ਨਾ।
ਰਹਿਣਾ ਅਮਰ ਹੱਕਾਂ ਦੇ ਲਈ ਮਰਕੇ
ਮੰਗਿਆ ਨਾ.....

ਕਰਕੇ ਮਸ਼ੱਕਤ ਹੰਢਾਈਏ ਸੰਤਾਪ ਨਾ।
ਮਾਰ ਕੇ ਬਿਗ਼ਾਨਾ ਹੱਕ ਖੱਟੀਏ ਸਰਾਪ ਨਾ।
ਰਹਿਣ ਕਦੇ ਨਾ ਧਨਾਢਾਂ ਕੋਲੋਂ ਡਰਕੇ
ਮੰਗਿਆਂ ਨਾ.....

ਜਿਥੇ ਥੋੜਾ ਲਹੂ ਤਾਂ ਪਸੀਨਾ ਬਣ 'ਚੋ ਗਿਆ
ਉਥੇ ਖੁਸ਼ਹਾਲੀ ਦਾ ਹੈ ਨੂਰ ਪੈਦਾ ਹੋ ਗਿਆ।
ਕਾਮੇ ਕਦੇ ਨਾ ਤੂਫ਼ਾਨਾਂ ਮੂਹਰੇ ਜ਼ਰਕੇ
ਮੰਗਿਆਂ ਨਾ......

ਕਾਮਿਆਂ ਨੇ ਲਾਹੁਣੇ ਜਦੋਂ ਜ਼ਾਲਮਾਂ ਦੇ ਤਾਜ ਨੇ।
ਮਿਹਨਤਕਸ਼ਾਂ ਦੀ ਪੂਜਾ ਕਰਨੀ ਸਮਾਜ ਨੇ।
ਵੇਲਾ 'ਦੇਵਲ' ਗਵਾ ਨਾ ਗ਼ਮੀ ਖ਼ਰਕੇ
ਮੰਗਿਆਂ ਨਾ......

**ਸੰਪਰਕ** 92563-67202

◆◆◆

## ਟੱਪੇ

**ਵਿਜੇ ਕੁਮਾਰ ਤਾਲਿਬ**

ਪਾਏ ਮੁੱਲ ਨਾ ਅਰਜੀ ਦਾ,
ਸਾਡੀ ਕਿਥੇ ਸੁਣਦਾ ਏ,
ਸੋਹਣਾ ਮਾਲਕ ਮਰਜੀ ਦਾ!

ਗੱਲਾਂ ਮਿੱਠੀਆਂ ਮੁਕਾਵਾਂ ਨਾ,
ਇਹ ਕਿੱਦਾਂ ਹੋ ਸਕਦਾ?
ਤੂੰ ਸੱਦਿਆ ਮੈਂ ਆਵਾਂ ਨਾ?

ਮੁੱਲ ਪਾ ਲਈਂ ਯਾਰੀ ਦਾ,
ਜਿਨ੍ਹਾਂ ਨੇ ਸਿਖਾਇਆ ਤੁਰਨਾ,
ਠੇਡਾ ਉਹਨਾਂ ਨੂੰ ਨਾ ਮਾਰੀ ਦਾ
ਰਸ ਚਾਹ 'ਚ ਡਬੋਂਦੀ ਸੀ,
ਮਾੜਾ ਜਿਆ ਮੱਥਾ ਭਖਦਾ,
ਮਾਂ ਰਾਤ ਨਾ ਸੌਂਦੀ ਸੀ।

ਮੇਰੀ ਦੁਨੀਆਂ ਬਣਾਉਂਦੀ ਸੀ,
ਤਗੜੇ ਦੀ ਰੀਸ ਨਾ ਕਰੀਂ,
ਮਾਂ ਤੇ ਜੀਣਾ ਸਿਖਾਉਂਦੀ ਸੀ!

**ਪਿੰਡ ਤਾਲਿਬਪੁਰ ਪੰਡੋਰੀ**
**ਗੁਰਦਾਸਪੁਰ** 94177-36610

◆◆◆



## ਪਿਆਰੇ ਪਿਆਰੇ ਬੱਚੇ....

**ਰਾਜਿੰਦਰ ਵਰਮਾ**

ਪਿਆਰੇ ਪਿਆਰੇ ਬੱਚੇ,
ਮਾਂ ਦੀ ਅੱਖ ਦੇ ਤਾਰੇ ਬੱਚੇ
ਇਕ ਦੂਜੇ ਨੂੰ ਕਰਨ ਇਸਾਰੇ ਬੱਚੇ.. ਪਿਆਰੇ....
ਦੂਈ ਦੁਵੈਤ ਨਾ ਇਹ ਜਾਣਦੇ
ਨੱਚ-ਟੱਪ ਕੇ ਲੁੱਡੀਆਂ ਪਾਂਵਦੇ
ਨੱਚਣ-ਟੱਪਣ ਸਾਰੇ ਬੱਚੇ-ਪਿਆਰੇ....
ਨਾ ਰੰਗ ਨਾ ਨਸਲ ਦਾ ਭੇਦ
ਇਕ ਦੂਜੇ ਤੇ ਪਾਵਣ ਜਦ ਰੇਤ
ਮਿੱਟੀ ਦੇ ਬਣਾ ਲੈਂਦੇ ਢਾਰੇ-ਪਿਆਰੇ.....

ਪਾ ਕੇ ਜੋਟੀਆਂ ਸਕੂਲ ਜਾਂਦੇ,
ੳ.ਅ. ਫੇਰ ਪੜ੍ਹਕੇ ਆਉਂਦੇ
ਅੰਬਰ ਜਿਉਂ ਚਮਕਣ ਤਾਰੇ..... ਪਿਆਰੇ....

ਪਿਆਰ ਦਾ ਰਲ ਗੀਤ ਗਾਉਂਦੇ,
ਏਕੇ ਦੀ ਜਦ ਬਾਤ ਸੁਣਾਉਂਦੇ
ਨਿੱਕੇ ਮੋਟੇ ਬਸਤੇ ਭਾਰੇ... ਪਿਆਰੇ...

98156-60419

◆◆◆

## ਵਿਅੰਗ ਚੌਂਕੇ

**ਪ੍ਰੋ. ਜਸਵੰਤ ਸਿੰਘ ਕੈਲਵੀ**

ਕੀ ਅਸੀਂ ਜੀਂਦੇ ਹਾਂ?
ਧਰਮੀ ਕਰਮੀ ਅਸੀਂ ਖੁਦ ਨੂੰ ਸਮਝਦੇ ਹਾਂ,
ਮਾਰ ਕੁੱਖ ਵਿੱਚ ਆਪਣੀ ਧੀ ਮੀਆਂ,
ਭ੍ਰਿਸ਼ਟਾਚਾਰ 'ਚੋਂ ਸਾਨੂੰ ਖੁਸ਼ਬੂ ਆਵੇ,
ਸਾਡੇ ਨੱਕ ਨੂੰ ਹੋਇਆ ਹੈ ਕੀ ਮੀਆਂ?
ਵਾਂਗ ਪਾਗਲਾਂ ਨਸ਼ਾ ਪੀ ਨੱਚਦੇ ਹਾਂ,

ਰੋੜ੍ਹ ਰਹੇ ਹਾਂ, ਰੇਤ ਵਿੱਚ ਘੀ ਮੀਆਂ,
ਪ੍ਰਸ਼ਨ ਕੈਲਵੀ ਦਾ, ਉਤਰ ਦਿਓ ਰਲਕੇ,
ਅਸੀਂ ਮਰ ਰਹੇ, ਕਿ ਰਹੇ ਹਾਂ ਜੀ ਮੀਆਂ?

**ਭੁਕਾਨੇ**

ਲੱਸੀ ਆਪਣੀ ਨੂੰ ਖੱਟੀ ਕੌਣ ਕਹਿੰਦੈ?
ਸਾਰੇ ਲੱਭਦੇ ਦੋਸ਼ ਬੇਗ਼ਾਨਿਆਂ 'ਚ।
ਮਹਾਂਮੂਰਖਾਂ ਨੂੰ ਮੂਰਖ ਕੌਣ ਆਖੇ?
ਉਹ ਤਾਂ ਸਮਝਦੇ ਖ਼ੁਦ ਨੂੰ ਦਾਨਿਆਂ 'ਚ
ਧਰਮ ਗੁਰੂ ਨਹੀਂ ਉਹਨੂੰ ਚੰਡਾਲ ਸਮਝੋ
ਜਿਹੜਾ ਵੰਡੇ ਮਨੁੱਖਤਾ ਨੂੰ ਖਾਨਿਆਂ 'ਚ।
ਹਵਾ ਵਿੱਚ ਉੱਡਦੇ ਵੇਖ! ਕੈਲਵੀ ਨੂੰ,
ਹਵਾ ਭਰੀ ਹੈ ਜੀਹਨਾ ਭੁਕਾਨਿਆਂ 'ਚ

**ਬੇਲਗਾਮ ਮੰਡੀ**

ਮਾੜੇ ਅਤੇ ਗਰੀਬ ਨੂੰ ਦਲੀ ਜਾਵੇ,
ਅੱਜ ਹੈ ਭੂਤਰੀ ਬੇਲਗਾਮ ਮੰਡੀ
ਇੱਕ ਦੂਜੇ ਨੂੰ ਲੁੱਟੀਏ, ਠੱਗੀਆਂ ਕਿੰਵ?
ਚਲ ਰਹੀ ਹੈ ਕੌਮ ਵਿੱਚ ਜੰਗ ਠੰਡੀ।
ਜੇਕਰ ਰਾਹੀਆਂ ਨੂੰ ਲੰਘਣੋਂ ਡੱਕੀਏ ਨਾ,
ਵਾਹੇ ਵਾਹਣ 'ਚ ਪਾਉਂਦੇ ਉਹ ਡੰਡੀ।
ਜੀਵਨ 'ਕੈਲਵੀ' ਉਸਦਾ ਪਏ ਲੇਖੇ।
ਜਿਹੜਾ ਹੋਸ਼ ਕਰਦਾ ਜੀਹਨੇ ਨੀਂਦ ਛੱਡੀ।

**ਝੋਲੀ ਚੁੱਕ**

ਦੁਖੀ ਲੋਕਾਂ ਦਾ ਕੀ ਇਲਾਜ ਕਰਨੈ?
ਸਰਕਾਰਾਂ ਆਪ ਹੀ ਅੰਨੀਆਂ ਬੋਲੀਆਂ ਨੇ
ਲੀਡਰ ਝਾੜਦੇ ਲੱਛੇਦਾਰ ਭਾਸ਼ਨ ਵੰਡਦੇ
ਸਭ ਨੂੰ ਟਾਫੀਆਂ ਗੋਲੀਆਂ ਨੇ।
ਮੇਰੀ ਕਲਮ ਨਾ ਕਰ ਸਲਾਮ ਸਕਦੀ,
ਏਹਨਾਂ ਇੱਜ਼ਤਾਂ ਦੇਸ਼ ਦੀਆਂ ਰੋਲੀਆਂ ਨੇ
ਉਚ ਆਸਣ ਤੇ ਸੱਜ ਕੇ ਉਹ ਬਹਿੰਦੇ,
ਜੀਹਨਾਂ 'ਕੈਲਵੀ' ਚੁੱਕੀਆਂ ਝੋਲੀਆਂ ਨੇ।

ਮੋ. 98783-81474



# ਨਿਬੰਧ

## ਤੀਆਂ ਦੀ ਬਦਲਦੀ ਨੁਹਾਰ

**ਬਰਜਿੰਦਰ ਕੌਰ ਬਿਸਰਾਓ**

ਧੀਆਂ ਦੀ ਜੀਵਨਸ਼ੈਲੀ ਬਦਲੀ ਤਾਂ ਤੀਆਂ ਵੀ ਬਦਲੀਆਂ। ਵੈਸੇ ਤਾਂ ਸਮੇਂ ਦੇ ਨਾਲ ਨਾਲ ਸਭ ਕੁਝ ਬਦਲਦਾ ਰਹਿੰਦਾ ਹੈ। ਉਂਝ ਕਿਹਾ ਵੀ ਜਾਂਦਾ ਹੈ ਕਿ ਵਕਤ ਦਾ ਸੰਗੀ ਬਣਨਾ ਪ੍ਰਗਤੀ ਦੀ ਨਿਸ਼ਾਨੀ ਹੁੰਦੀ ਹੈ। ਜੇ ਦੇਖਿਆ ਜਾਵੇ ਤਾਂ ਸਮੇਂ ਨੇ ਬਦਲਣ ਵਾਲੀ ਰਫ਼ਤਾਰ ਬਹੁਤ ਤੇਜ਼ ਫੜੀ ਹੋਈ ਹੈ। ਹੁਣ ਤਾਂ ਇਸ ਦੇ ਨਾਲ ਨਾਲ ਭੱਜਣਾ ਪੈ ਰਿਹਾ ਹੈ। ਭੱਜਦੇ ਭੱਜਦੇ ਬਹੁਤ ਕੁਝ ਪਿੱਛੇ ਛੁੱਟਦਾ ਜਾ ਰਿਹਾ ਹੈ ਤੇ ਬਹੁਤ ਕੁਝ ਪੁਰਾਣਾ ਧੁੰਦਲਾ ਜਿਹਾ ਹੋ ਰਿਹਾ ਹੈ। ਬਹੁਤ ਕੁਝ ਫਿਰ ਵੀ ਨਾਲ ਨਾਲ ਚੱਲ ਰਿਹਾ ਹੈ। ਸਾਡਾ ਰਹਿਣ-ਸਹਿਣ ਬਦਲਿਆ, ਸੁਭਾਅ ਬਦਲੇ, ਸੋਚ ਬਦਲੀ, ਸੰਸਕਾਰ ਬਦਲੇ, ਕੰਮ ਬਦਲੇ, ਰਿਵਾਜ ਬਦਲੇ, ਦਿਨ ਬਦਲੇ, ਤਿਉਹਾਰ ਬਦਲੇ ਮਤਲਬ ਕਿ ਮੁੱਢ ਕਦੀਮ ਤੋਂ ਹੀ ਅੱਜ' ਵਿੱਚ ਪ੍ਰਵੇਸ਼ ਹੁੰਦਿਆਂ ਹੀ ਅੱਜ ਦੀ ਦੁਨੀਆ ਰੰਗਲੀ ਰੰਗਲੀ ਜਾਪਣ ਲੱਗਦੀ ਹੈ। ਹਰ ਤਿਉਹਾਰ ਨੂੰ ਮਨਾਉਣ ਦੇ ਤਰੀਕੇ - ਬਦਲ ਰਹੇ ਹਨ। ਵਿਸ਼ਵੀਕਰਨ ਹੋਣ ਕਰਕੇ ਸਾਡੇ ਪ੍ਰਚੱਲਿਤ ਤਿਉਹਾਰਾਂ ਉੱਪਰ ਵੀ ਪੱਛਮੀ ਸੱਭਿਅਤਾ ਦਾ ਰੰਗ ਤੇਜ਼ੀ ਨਾਲ ਚੜ੍ਹ ਰਿਹਾ ਹੈ।

ਪੰਜਾਬੀ ਸੱਭਿਆਚਾਰ ਵਿੱਚ ਸਾਉਣ ਮਹੀਨੇ ਦੀ ਖ਼ਾਸ ਵਿਸ਼ੇਸ਼ਤਾ ਹੈ। ਸਾਉਣ ਦਾ ਮਹੀਨਾ ਸ਼ੁਰੂ ਹੁੰਦਿਆਂ ਹੀ ਜਿੱਥੇ ਜੇਠ ਹਾੜ੍ਹ ਦੀਆਂ ਧੁੱਪਾਂ ਤੋਂ ਰਾਹਤ ਪਾਉਂਦੀਆਂ ਕਾਲੀਆਂ ਘਟਾਵਾਂ, ਕਣੀਆਂ ਦੀ ਕਿਣਮਿਣ, ਧਰਤੀ ਉੱਤੇ ਹਰਿਆਵਲ ਤੇ ਰੌਣਕ ਜਿਹੀ ਦਿੱਸਦੀ ਹੈ, ਉੱਥੇ ਹੀ ਮਨ ਵਿੱਚ ਵੱਖਰਾ ਹੀ ਸਰੂਰ ਤੇ ਆਨੰਦ ਜਿਹਾ ਆਉਂਦਾ ਹੈ। ਘਰ ਦੀਆਂ ਰੌਣਕਾਂ, ਧੀਆਂ ਅਤੇ ਨੂੰਹਾਂ ਦੇ ਮਨਾਂ ਵਿੱਚ ਚਾਅ ਤੇ ਉਮੰਗ ਉਮੜਦੇ ਹਨ, ਪੇਕਿਆਂ ਵੱਲੋਂ ਵਿਆਹੀਆਂ ਧੀਆਂ ਨੂੰ ਸੰਧਾਰੇ ਵਿੱਚ ਬਿਸਕੁਟ, ਮਠਿਆਈਆਂ ਅਤੇ ਕੱਪੜੇ ਆਦਿ ਦੇਣ ਦਾ ਸ਼ਗਨ, ਕੁਆਰੀਆਂ ਕੁੜੀਆਂ ਵੱਲੋਂ ਹੱਥਾਂ 'ਤੇ ਮਹਿੰਦੀ ਰਚਾ ਕੇ ਤੇ ਰੰਗ ਬਿਰੰਗੀਆਂ ਵੰਗਾਂ ਚੜ੍ਹਾਉਣ ਦਾ ਚਾਅ, ਵਿਆਹੀਆਂ ਵੱਲੋਂ ਪੇਕੇ ਘਰ ਜਾ ਕੇ ਆਪਣੀਆਂ ਸਖੀਆਂ ਨੂੰ ਮਿਲਣ ਦੀ ਤਾਂਘ ਚਾਰੇ ਪਾਸੇ ਖੁਸ਼ੀਆਂ ਦਾ ਵਾਤਾਵਰਨ ਪੈਦਾ ਕਰ ਦਿੰਦੀ ਹੈ। ਤੀਆਂ ਦਾ ਤਿਓਹਾਰ ਸਾਉਣ ਮਹੀਨੇ ਦੀ ਚਾਨਣ ਪੱਖ ਦੀ ਤੀਜ ਤੋਂ ਸ਼ੁਰੂ ਹੋ ਕੇ ਸਾਰਾ ਮਹੀਨਾ ਚੱਲਣ ਵਾਲਾ ਕੁੜੀਆਂ ਦਾ ਤਿਓਹਾਰ ਹੈ।

ਪਹਿਲੇ ਸਮਿਆਂ ਵਿੱਚ ਧੀਆਂ ਧਿਆਣੀਆਂ ਨੂੰ ਸਾਉਣ ਮਹੀਨੇ ਦੀ ਉਡੀਕ ਰਹਿੰਦੀ ਸੀ, ਪਰ ਹੁਣ ਜ਼ਮਾਨਾ ਬਦਲ ਗਿਆ ਹੈ। ਧੀਆਂ ਵਿਦੇਸ਼ਾਂ ਵੱਲ ਨੂੰ ਤੁਰ ਪਈਆਂ ਹਨ।

ਇੱਥੇ ਰਹਿੰਦੀਆਂ ਧੀਆਂ ਉੱਤੇ ਵੀ ਪੱਛਮੀ ਸੱਭਿਅਤਾ ਦਾ ਰੰਗ ਚੜ੍ਹ ਗਿਆ ਹੈ। ਪਦਾਰਥਵਾਦੀ ਯੁੱਗ ਹੋਣ ਕਰਕੇ ਲੋਕਾਂ ਵਿੱਚੋਂ ਪਿਆਰ ਦੀ ਖਿੱਚ ਘਟ ਰਹੀ ਹੈ, ਨਵੀਂ ਸੱਭਿਅਤਾ ਦੇ ਪ੍ਰਭਾਵ ਹੇਠ ਪੁਰਾਣੇ ਰੀਤੀ ਰਿਵਾਜਾਂ ਦਾ ਕਤਲ ਹੋ ਰਿਹਾ ਹੈ, ਜਿਸ ਕਰਕੇ ਤੀਆਂ ਦਾ ਰੰਗ ਵੀ ਕੁਝ ਫਿੱਕਾ ਪੈਂਦਾ ਜਾ ਰਿਹਾ ਹੈ। ਪਿੰਡਾਂ ਵਿੱਚ ਪਿੱਪਲਾਂ ਤੇ ਬੋਹੜਾਂ ਥੱਲੇ ਇਕੱਠੇ ਹੋਣ ਦੀ ਰੀਤ ਲਗਭਗ ਅਲੋਪ ਹੋ ਰਹੀ ਹੈ ਜਿਸ ਕਰਕੇ ਪਿੰਡਾਂ ਦੇ ਪਿੜਾਂ ਵਿੱਚ ਤੀਆਂ ਦੇ ਗਿੱਧਿਆਂ ਤੇ ਕੁੜੀਆਂ ਦੀਆਂ ਵੰਗਾਂ ਦੀ ਛਣਕਾਹਟ ਪੈਣ ਦੀ ਥਾਂ ਹੁਣ ਇਹ ਤੀਆਂ ਸਕੂਲਾਂ, ਕਾਲਜਾਂ ਜਾਂ ਸਮਾਜ ਸੇਵੀ ਸੰਸਥਾਵਾਂ ਦੀਆਂ ਸਟੇਜਾਂ ਉੱਤੇ ਇੱਕ ਅੱਧੇ ਘੰਟੇ ਦਾ ਰੌਣਕ ਮੇਲਾ ਬਣ ਕੇ ਰਹਿ ਗਿਆ ਹੈ। ਇਸ ਵਿੱਚ ਵੀ ਬਹੁਤ ਕਰਕੇ ਅਖ਼ਬਾਰਾਂ ਵਿੱਚ ਤੀਆਂ ਮਨਾਉਣ ਦੀਆਂ ਫੋਟੋਆਂ ਛਪਵਾਉਣ 'ਤੇ ਜ਼ਿਆਦਾ ਜ਼ੋਰ ਲਾ ਦਿੱਤਾ ਜਾਂਦਾ ਹੈ। ਸਕੂਲਾਂ ਕਾਲਜਾਂ ਵਿੱਚ ਵਪਾਰੀਕਰਨ ਵਧਣ ਕਾਰਨ ਇਸ ਨੂੰ ਸਿਰਫ਼ ਸੰਸਥਾ ਦੇ ਪ੍ਰਚਾਰ ਦੇ ਇੱਕ ਅਹਿਮ ਸਾਧਨ ਵਜੋਂ ਵਰਤਿਆ ਜਾਂਦਾ ਹੈ। ਇਨ੍ਹਾਂ ਵਿੱਚ ਤਿਉਹਾਰ ਦੀ ਅਹਿਮੀਅਤ 'ਤੇ ਘੱਟ ਜ਼ੋਰ ਦਿੱਤਾ ਜਾਂਦਾ ਹੈ ਤੇ ਸੰਸਥਾ ਦਾ ਨਾਂ ਮੋਟੇ ਅੱਖਰਾਂ ਵਿੱਚ ਛਪਵਾਉਣ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ।

ਪੰਜਾਬੀ ਸੱਭਿਆਚਾਰ ਨੂੰ ਸੰਭਾਲਣ ਦੇ ਨਾਂ 'ਤੇ ਇਹ ਤਿਉਹਾਰ ਸ਼ਹਿਰਾਂ ਵਿੱਚ ਔਰਤਾਂ ਦੇ ਕਲੱਬਾਂ ਦੀ ਸ਼ਾਨ ਬਣ ਕੇ ਰਹਿ ਗਿਆ ਹੈ। ਅੱਜ ਦੀਆਂ ਔਰਤਾਂ ਸੋਹਲ ਹੋ ਚੁੱਕੀਆਂ ਹਨ। ਉਹ ਪਿੱਪਲਾਂ ਬੋਹੜਾਂ ਹੇਠ ਗਰਮੀ ਵਿੱਚ ਜਾਣ ਨਾਲੋਂ ਏਸੀ ਦੀਆਂ ਸਹੂਲਤਾਂ ਵਾਲੀਆਂ ਸਟੇਜਾਂ ਤੇ ਤੀਆਂ ਮਨਾਉਂਦੀਆਂ ਨਜ਼ਰ ਆਉਂਦੀਆਂ ਹਨ। ਬਹੁਤੀਆਂ ਥਾਵਾਂ ਤਾਂ ਡੀਜੇ 'ਤੇ ਰਿਕਾਰਡ ਕੀਤੀਆਂ ਬੋਲੀਆਂ ਉੱਪਰ ਨੱਚ ਟੱਪ ਕੇ ਹੀ ਉਸ ਨੂੰ ਤੀਆਂ ਦਾ ਨਾਂ ਦੇ ਕੇ ਵਾਹ ਵਾਹ ਖੱਟ ਲਈ ਜਾਂਦੀ ਹੈ। ਅੱਜ ਦੀਆਂ ਤੀਆਂ ਸਾਡੀਆਂ ਧੀਆਂ ਦੇ ਨਾਲ ਨਾਲ ਵਿਦੇਸ਼ਾਂ ਦੀਆਂ ਸਟੇਜਾਂ ਤੱਕ ਵੀ ਪਹੁੰਚ ਗਈਆਂ ਹਨ। ਜਿਸ ਵਿੱਚ ਪੰਜਾਬਣਾਂ ਦੇ ਸੁੰਦਰਤਾ ਦੇ ਮੁਕਾਬਲੇ, ਸੱਭਿਆਚਾਰ ਦੀ ਸੰਭਾਲ ਸਬੰਧੀ ਮੁਕਾਬਲੇ ਕਰਵਾਏ ਜਾਂਦੇ ਹਨ।

ਪਹਿਲਾਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਾਉਣ ਮਹੀਨੇ ਕੁੜੀਆਂ ਪਿੰਡ ਤੋਂ ਬਾਹਰ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਤੇ ਗਿੱਧਾ ਪਾਉਂਦੀਆਂ ਹੋਈਆਂ ਇੱਕ-ਦੂਜੀ ਨਾਲ ਦੁੱਖ ਸਾਂਝੇ ਕਰਦੀਆਂ ਸਨ। ਇਹੋ ਜਿਹੇ ਬੋਲਾਂ ਰਾਹੀਂ ਮਨੋਭਾਵ ਪ੍ਰਗਟ ਕਰਦੀਆਂ ਸਨ:

**ਆਉਂਦੀ ਕੁੜੀਏ ਜਾਂਦੀ ਕੁੜੀਏ,**
**ਤੁਰਦੀ ਪਿਛਾਂਹ ਨੂੰ ਜਾਵੇਂ**
**ਨੀਂ ਕਾਹਲੀ ਕਾਹਲੀ ਪੈਰ ਪੁੱਟ ਲੈ।**
**ਤੀਆਂ ਲੱਗੀਆਂ ਪਿੱਪਲ ਦੀ ਛਾਵੇਂ**



ਬਚਪਨ ਵਿੱਚ ਤੀਆਂ ਦਾ ਮਾਹੌਲ ਦੇਖਣ ਵਾਲੀਆਂ ਔਰਤਾਂ ਦੇ ਮਨ ਵਿੱਚ ਦੁਬਾਰਾ ਤੀਆਂ 'ਤੇ ਜਾਣ ਦਾ ਚਾਅ ਉਮੜਦਾ ਹੈ। ਉਹ ਨਵੀਂ ਪੀੜ੍ਹੀ ਦੀਆਂ ਕੁੜੀਆਂ ਨਾਲ ਇਸ ਨੂੰ ਸਾਂਝਾ ਕਰਨੀਆਂ ਚਾਹੁੰਦੀਆਂ ਹਨ, ਪਰ ਅੱਜਕੱਲ੍ਹ ਦੇ ਬੱਚਿਆਂ ਕੋਲ ਸਮੇਂ ਦੀ ਘਾਟ ਹੋਣ ਕਰਕੇ ਉਨ੍ਹਾਂ ਨੂੰ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਜੋ ਕਿ ਕਲੱਬਾਂ ਸੰਸਥਾਵਾਂ ਵਿੱਚ ਜਾ ਕੇ ਤੀਆਂ ਮਨਾਉਣ ਨਾਲੋਂ ਪਿੰਡਾਂ ਦੇ ਪਿੱਪਲਾਂ ਬੋਹੜਾਂ ਹੇਠ ਜਾ ਕੇ ਤੀਆਂ ਮਨਾਉਣ ਲਈ ਪ੍ਰੇਰਿਤ ਕਰਕੇ ਬਜ਼ੁਰਗਾਂ ਦੀਆਂ ਪਾਈਆਂ ਪਿਰਤਾਂ ਨੂੰ ਕਾਇਮ ਰੱਖਣ ਵਿੱਚ ਯੋਗਦਾਨ ਪਾਇਆ ਜਾਵੇ ਤਾਂ ਅਸੀਂ ਆਪਣੇ ਤੀਆਂ ਦੇ ਸੱਭਿਆਚਾਰਕ ਪਿਛੋਕੜ ਨੂੰ ਮੁੜ ਤੋਂ ਸੁਰਜੀਤ ਕਰ ਸਕਦੇ ਹਾਂ। ਫਿਰ ਵੀ ਤੀਆਂ ਮਨਾਉਣ ਦਾ ਚਾਅ ਤਾਂ ਹਰ ਇੱਕ ਔਰਤ ਅੰਦਰ ਮੌਜੂਦ ਹੈ। ਇਹ ਗੱਲ ਵੱਖਰੀ ਹੈ ਕਿ ਮਨਾਉਣ ਦੇ ਢੰਗ ਤਰੀਕੇ ਬਦਲ ਗਏ ਹਨ ਜਿਸ ਕਰਕੇ ਇਹੋ ਜਿਹੀਆਂ ਬੋਲੀਆਂ ਸੁਣਨ ਨੂੰ ਵੀ ਕੰਨ ਤਰਸ ਗਏ ਹਨ ਜਿਨ੍ਹਾਂ ਰਾਹੀਂ ਤੀਆਂ ਦੇ ਤਿਉਹਾਰ ਨੂੰ ਮਨਾਉਣ ਲਈ ਇਕੱਠੀਆਂ ਹੋਈਆਂ ਕੁੜੀਆਂ ਦੇ ਇਕੱਠ ਤੋਂ ਲੈ ਕੇ ਵਿਛੜਨ ਤੱਕ ਦਾ ਭਾਵ ਪ੍ਰਗਟ ਕੀਤਾ ਜਾਂਦਾ ਸੀ:

**ਸਾਉਣ ਵੀਰ 'ਕੱਠੀਆਂ ਕਰੇ**
**ਭਾਦੋਂ ਚੰਦਰੀ ਵਿਛੋੜੇ ਪਾਵੇ।**

ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦੀ ਜ਼ਿੰਦਜਾਨ ਹੈ ਅਤੇ ਗਿੱਧਾ ਤੇ ਬੋਲੀਆਂ ਇਸ ਦੀ ਰੂਹ ਹਨ। ਸਮੇਂ ਦੇ ਬਦਲਣ ਨਾਲ ਬਦਲਿਆ ਹੋਇਆ ਰੰਗ ਰੂਪ ਤਾਂ ਵੇਖਣ ਨੂੰ ਮਿਲ ਸਕਦਾ ਹੈ, ਪਰ ਕਦੇ ਪੰਜਾਬੀਆਂ ਦੀ ਜ਼ਿੰਦਗੀ ਵਿੱਚੋਂ ਮਨਫੀ ਨਹੀਂ ਹੋ ਸਕਦਾ।

**ਸੰਪਰਕ: 99889-01324**
**ਬਰਜਿੰਦਰ ਕੌਰ ਬਿਸਰਾਓ**
**ਪਤਨੀ ਕੈਪਟਨ ਜਸਵੀਰ ਸਿੰਘ ,**
**6814/ 2 ਨਵੀਨ ਨਗਰ, ਗਲੀ ਨੰ. 2,**
**ਜੱਸੀਆਂ ਰੋਡ ਹੈਬੋਵਾਲ (ਲੁਧਿਆਣਾ)— 141001**

◆◆◆

# ਪੰਜਾਬੀ ਨਾਵਲ ਦਾ ਮੋਢੀ ਪਰਚਾਰਕ ਅਤੇ ਸਾਹਿਤਕਾਰ ਭਾਈ ਵੀਰ ਸਿੰਘ ਜੀ

**ਭੁਪਿੰਦਰ ਉਸਤਾਦ**

"ਭਾਈ ਸਾਹਿਬ ਭਾਈ ਵੀਰ ਸਿੰਘ ਜੀ।"ਜਦੋਂ ਮੈਂ ਪੜ੍ਹਦਾ ਹੁੰਦਾ ਸੀ, ਉਦੋਂ ਵੀ ਤੇ ਅੱਜ ਵੀ ਇਹ ਨਾਮ ਪੰਜਾਬੀ ਬੋਲੀ ਦੇ ਕਦਰਦਾਨਾਂ ਵਿਚ ਹੀ ਨਹੀਂ, ਧਾਰਮਿਕ ਮਹਾਰਥੀਆਂ ਵਿਚ ਵੀ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ, ਕਿਉਂਕਿ ਭਾਈ ਵੀਰ ਸਿੰਘ ਜੀ ਨੇ ਪੰਜਾਬੀ ਸਾਹਿਤ ਅਤੇ ਗੁਰਬਾਣੀ ਦੀ ਵਿਆਖਿਆ ਲਿਖਣ ਲਈ ਜੋ ਘਾਲ ਘਾਲੀ ਹੈ, ਉਹ ਘਾਲ ਇਕ ਮਹਾਨ ਆਤਮਾ ਹੀ ਘਾਲ ਸਕਦੀ ਹੈ। ਉਹ ਸ਼ਾਹੀ ਖਾਨਦਾਨ ਦੇ ਚਿਰਾਗ ਸਨ। ਖਾਲਸਾ ਪੰਥ ਦੇ ਅਨਿਕ ਸੇਵਕ ਦੀਵਾਨ ਕੌੜਾ ਮਲ ਜੀ ਉਨ੍ਹਾਂ ਦੇ ਵਡੇਰਿਆਂ ਵਿਚੋਂ ਸਨ।

ਭਾਈ ਵੀਰ ਸਿੰਘ ਜੀ ਦੇ ਦਾਦਾ ਸਰਦਾਰ ਕਾਹਨ ਸਿੰਘ ਪੰਜਾਬ ਦੇ ਮੰਨੇ ਪਰਮੰਨੇ ਹਕੀਮ, ਮਹਾਰਾਜਾ ਕੌੜਾ ਮਲ ਦੀ ਪੰਜਵੀਂ ਪੀੜ੍ਹੀ ਵਿਚੋਂ ਸਨ। ਹਕੀਮ ਜੀ ਦੀ ਦੁਆਈ ਨਾਲ ਹੀ ਬਹਾਦਰ ਸਾਹ ਲੰਬੀ ਬਿਮਾਰੀ ਤੋਂ ਅਰੋਗ ਹੋਇਆ ਸੀ। ਭਾਈ ਕਾਹਨ ਸਿੰਘ ਅਤੇ ਬੀਬੀ ਰਾਮ ਕੌਰ ਦੇ ਤਿੰਨ ਪੁੱਤਰ ਹੋਏ। ਚੰਦਾ ਸਿੰਘ-ਭੀਮਾ ਸਿੰਘ ਅਤੇ ਚਰਨ ਸਿੰਘ। ਇਸ ਚਰਨ ਸਿੰਘ-ਭਗਵਾਨ ਕੌਰ (ਉਤਮ ਕੌਰ) ਦੇ ਘਰ ਵੀਰਵਾਰ ਪੰਜ ਦਸੰਬਰ 1872 ਨੂੰ ਅੰਮ੍ਰਿਤਸਰ ਵਿਚ ਜਿਸ ਬੱਚੇ ਦਾ ਜਨਮ ਹੋਇਆ ਉਸ ਦਾ ਨਾਮ ਵੀਰ ਸਿੰਘ ਰੱਖਿਆ ਗਿਆ। ਜਿੱਥੇ ਭਾਈ ਕਾਹਨ ਸਿੰਘ ਜੀ ਮਹਾਨ ਹਕੀਮ ਸਨ ਉੱਥੇ ਸ. ਚਰਨ ਸਿੰਘ ਜੀ ਬਹੁਤ ਹੀ ਕਾਬਲ ਡਾਕਟਰ ਸਨ। ਗਰੀਬਾਂ ਦਾ ਮੁਫ਼ਤ ਇਲਾਜ਼ ਕਰਦੇ ਸਨ। ਭਾਈ ਵੀਰ ਸਿੰਘ ਦੇ ਨਾਨਾ ਜੀ ਸੰਸਕ੍ਰਿਤ ਦੇ ਮਹਾਨ ਵਿਦਵਾਨ ਸਨ।

ਭਾਈ ਸਾਹਿਬ ਦੀ ਪੜ੍ਹਾਈ ਦਾ ਸਿਲਸਿਲਾ ਘਰ ਵਿਚੋਂ ਹੀ ਸ਼ੁਰੂ ਹੋ ਗਿਆ। ਪੰਜਾਬੀ ਲੰਡੇ, ਉਰਦੂ ਆਪ ਨੂੰ ਘਰ ਵਿਚ ਸਿਖਾਈ ਜਾਣ ਲੱਗੀ। ਜਦੋਂ ਆਪ 8 ਕੁ ਸਾਲ ਦੇ ਹੋਏ ਤਾਂ ਆਪ ਜੀ ਨੇ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਕੇ ਭੋਗ ਪਾਇਆ। ਫਿਰ ਆਪ ਨੂੰ ਲਾਹੌਰ 'ਰੰਗ ਮਹਲ' ਸਕੂਲ ਵਿਚ ਦਾਖ਼ਲ ਕਰਾਇਆ ਗਿਆ। ਪਰ ਉੱਥੇ ਆਪ ਥੋੜ੍ਹਾ ਚਿਰ ਹੀ ਰਹਿ ਸਕੇ। ਫਿਰ ਅੰਮ੍ਰਿਤਸਰ ਆ ਕੇ ਮਿਸ਼ਨ ਹਾਈ ਸਕੂਲ ਵਿਚ ਦਾਖਲਾ ਲਿਆ। ਜਿੱਥੇ ਆਪਨੇ 1889 ਵਿਚ ਮਿਡਲ ਅਤੇ 1891 ਵਿਚ ਐਂਟਰੈਂਸ ਪਾਸ ਕੀਤਾ। ਐਂਟਰੈਂਸ ਆਪਨੇ ਜਿਲ੍ਹੇ ਵਿੱਚ ਅੱਵਲ ਰਹਿ ਕੇ ਪਾਸ ਕੀਤਾ ਸੀ। ਇਸ ਕਰਕੇ ਡਿਸਟਰਿਕਟ ਬੋਰਡ ਅੰਮ੍ਰਿਤਸਰ ਵੱਲੋਂ ਆਪ ਨੂੰ ਸ਼ੁੱਧ ਸੋਨੇ ਦਾ ਤਮਗਾ ਦੇ ਕੇ ਸਨਮਾਨਿਤ ਕੀਤਾ ਗਿਆ। ਆਪ



ਦੀ ਖਿੱਚ ਹੁਣ ਤੋਂ ਹੀ ਪੜ੍ਹਾਈ ਨਾਲੋਂ ਪਰਮਾਰਥ ਵੱਲ ਬਹੁਤੀ ਹੋ ਗਈ ਸੀ। ਪਰ ਆਪ ਪੜ੍ਹਾਈ ਵਿਚ ਵੀ ਕਦੇ ਪਿੱਛੇ ਨਹੀਂ ਰਹੇ। ਹਮੇਸ਼ਾਂ ਪਹਿਲੀ ਦੂਸਰੀ ਪੁਜੀਸ਼ਨ ਆਉਂਦੀ ਰਹੀ। ਹਰ ਵਾਰ ਕੋਈ ਨਾ ਕੋਈ ਇਨਾਮ ਆਪਦੀ ਝੋਲੀ ਪੈਂਦਾ ਰਿਹਾ।

ਆਪ ਦੇ ਨਾਨਾ ਜੀ ਗਿਆਨੀ ਹਜ਼ਾਰਾ ਸਿੰਘ ਜੀ ਪੰਡਤ, ਆਪ ਜੀ ਦਾ ਬਹੁਤ ਧਿਆਨ ਰੱਖਦੇ ਸਨ। ਨਾਨੀ ਗੁਜ਼ਰ ਚੁੱਕੀ ਸੀ। ਭਾਈ ਸਾਹਿਬ ਨਾਨਾ ਜੀ ਕੋਲ ਰਹਿ ਕੇ ਉਨ੍ਹਾਂ ਦੀ ਸੇਵਾ ਕਰਦੇ। ਇੱਥੇ ਤੱਕ ਕਿ ਆਪ ਸਕੂਲੋਂ ਆ ਕੇ ਨੌਕਰ ਨੂੰ ਪਾਸੇ ਬਿਠਾ ਦਿੰਦੇ ਤੇ ਆਪ ਰੋਟੀ ਪਕਾ ਕੇ ਨਾਨਾ ਜੀ ਨੂੰ ਛਕਾਉਂਦੇ।

ਸਕੂਲ ਇਸਾਈ ਚਰਚ ਨਾਲ ਸੰਬੰਧਤ ਹੋਣ ਕਰਕੇ, ਉਥੇ ਇਸਾਈ ਧਰਮ ਦਾ ਹੀ ਪ੍ਰਚਾਰ ਹੁੰਦਾ ਸੀ।ਸਿਲੇਬਸ ਦੀਆਂ ਕਿਤਾਬਾਂ ਵੀ ਇਸਾਈ ਧਰਮ ਨੂੰ ਮੁੱਖ ਰੱਖ ਕੇ ਹੀ ਲੱਗੀਆਂ ਹੋਈਆਂ ਸਨ। ਉਥੋਂ ਦੇ ਅਧਿਆਪਕ ਵੀ ਦਿਲੋਂ ਇਸਾਈ ਮਤ ਨਾਲ ਜੁੜੇ ਹੋਣ ਕਰਕੇ ਆਪਣੇ ਮੱਤ ਦੀਆਂ ਹੀ ਉਦਾਹਰਣਾਂ ਦਿੰਦੇ ਤੇ ਇਹੋ ਕੋਸ਼ਿਸ਼ ਕਰਦੇ ਕਿ ਜੋ ਦੂਸਰੇ ਧਰਮਾਂ ਦੇ ਵਿਦਿਆਰਥੀ ਪੜ੍ਹ ਰਹੇ ਹਨ ਉਨ੍ਹਾਂ ਉਤੇ ਇਸਾਈ ਮੌਤ ਦਾ ਚੰਗਾ ਪ੍ਰਭਾਵ ਪਏ ਤੇ ਉਹ ਇਸਾਈ ਹੋ ਜਾਣ। ਕਈ ਅਧਿਆਪਕ ਖ਼ਾਸ ਤੌਰ ਤੇ ਭਾਈ ਵੀਰ ਸਿੰਘ ਨੂੰ ਇਸਾਈ ਬਣਨ ਲਈ ਲਾਲਚ ਵੀ ਦਿੰਦੇ। ਕਿਉਂਕਿ ਆਪ ਤਾਂ ਦਿਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਹੋਏ ਸਨ ਇਸ ਲਈ ਉਨ੍ਹਾਂ ਦੀ ਗੱਲ ਹੱਸ ਕੇ ਟਾਲ ਦਿੰਦੇ। ਪਰ ਇਸਾਈ ਧਰਮ ਦੇ ਅਸੂਲਾਂ ਨੂੰ ਜਾਨਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਕਿ ਉਹ ਕਿੰਨੇ ਕੁ ਪੱਕੇ ਅਤੇ ਚੰਗੇ ਹਨ। ਉਸ ਸਮੇਂ ਸਕੂਲਾਂ ਵਿਚ ਹੀ ਨਹੀਂ ਆਮ ਜਨਤਾ ਵਿਚ ਵੀ ਉਹ ਲੋਕ ਇਸਾਈ ਮਤ ਦਾ ਪ੍ਰਚਾਰ ਢੋਲ ਢਮੱਕੇ ਨਾਲ ਕਰਦੇ ਸਨ। ਭਾਈ ਸਾਹਿਬ ਡੂੰਘੇ ਚਿੰਤਨ ਨਾਲ ਘੋਖ ਕਰਨ ਲੱਗੇ ਕਿ ਉਨ੍ਹਾਂ ਦਾ ਧਰਮ ਸਾਡੇ ਧਰਮ ਦੇ ਮੁਕਾਬਲੇ ਕਿੰਨਾ ਡੂੰਘਾ ਹੈ। ਕਈ ਵਾਰ ਤਾਂ ਅਜੇਹਾ ਸਮਾਂ ਵੀ ਆ ਜਾਂਦਾ ਕਿ ਭਾਈ ਸਾਹਿਬ ਸਿੱਖ ਧਰਮ ਨੂੰ ਇਸਾਈ ਧਰਮ ਦੇ ਮੁਕਾਬਲੇ ਉੱਚਾ ਅਤੇ ਸੁੱਚਾ ਸਾਬਤ ਕਰਕੇ ਸਾਰਿਆਂ ਨੂੰ ਹੈਰਾਨ ਕਰਕੇ ਸੋਚੀਂ ਪਾ ਦਿੰਦੇ।

ਇਕ ਵਾਰ ਭਾਈ ਸਾਹਿਬ ਕਿਤੇ ਜਾ ਰਹੇ ਸਨ। ਉਨ੍ਹਾਂ ਦਾ ਵਾਕਫ਼ ਪਾਦਰੀ ਮਿਲ ਪਿਆ। ਉਸ ਨੇ ਪੁੱਛਿਆ, "ਮੈਂ ਇਕ ਗਿਰਜਾ ਬਣਾਇਆ ਹੈ, ਤੁਸੀਂ ਦੇਖਿਆ? " ਭਾਈ ਸਾਹਿਬ ਨੇ ਉੱਤਰ ਦਿੱਤਾ, "ਹਾਂ! ਬਾਹਰੋਂ ਦੇਖਿਆ ਚੰਗਾ ਹੈ, ਪਰ ਛੋਟਾ ਹੈ।"ਤਾਂ ਪਾਦਰੀ ਟਹਿਕਦਾ ਹੋਇਆ ਬੋਲਿਆ, ਹਾਂ ਇਹ ਛੋਟਾ ਹੀ ਬਣਾਇਆ, ਕਿਉਂਕਿ ਵੱਡਾ ਤਾਂ (ਉਸ ਨੇ ਹਰਿਮੰਦਰ ਸਾਹਿਬ ਵੱਲ ਇਸ਼ਾਰਾ ਕਰਕੇ) ਬਣਿਆ ਪਿਆ ਹੈ।"ਇਹ ਸੁਣਕੇ ਭਾਈ ਸਾਹਿਬ ਨੂੰ ਬਹੁਤ ਦੁੱਖ ਹੋਇਆ ਕਿ ਇਹ ਲੋਕ ਸਾਡੇ ਹਰਿਮੰਦਰ ਨੂੰ ਗਿਰਜਾ ਬਣਾਉਣ ਦੀ ਸੋਚ ਪਾਲਕੇ ਬੈਠੇ ਹਨ। ਉਨ੍ਹਾਂ ਨੇ ਉਸੇ ਵੇਲੇ ਇਹ ਪ੍ਰਣ ਕੀਤਾ ਕਿ ਸਿੱਖ ਧਰਮ ਬਾਰੇ ਪ੍ਰਚਾਰ ਜ਼ੋਰ ਸ਼ੋਰ ਨਾਲ ਸ਼ੁਰੂ ਕਰਨਾ ਪਏਗਾ। ਏਸੇ ਸੋਚ ਨੂੰ ਮੁੱਖ ਰੱਖ ਕੇ ਭਾਈ ਸਾਹਿਬ ਨੇ ਨਾਇਬ ਤਹਿਸੀਲਦਾਰੀ ਨੂੰ ਠੋਕਰ ਮਾਰ ਦਿੱਤੀ ਤੇ ਕੌਮੀ ਸਾਹਿਤ ਪੈਦਾ ਕਰਨ ਵੱਲ ਕਦਮ ਵਧਾ ਦਿੱਤੇ 1884 ਵਿੱਚ ਆਪ ਨੇ ਖਾਲਸਾ ਟਰੈਕਟ ਸੁਸਾਇਟੀ" ਦੀ ਨੀਂਵ ਰੱਖ ਕੇ

ਧਰਮ ਪ੍ਰਚਾਰ ਲਈ ਛੋਟੇ ਛੋਟੇ ਟ੍ਰੈਕਟ ਲਿਖ ਕੇ ਕੌਮ ਨੂੰ ਜਗਾਉਣ ਦਾ ਯਤਨ ਆਰੰਭ ਕਰ ਦਿੱਤਾ। ਫਿਰ ਕੁਝ ਚਿਰ ਪਿੱਛੋਂ 1899 ਵਿੱਚ "ਖਾਲਸਾ ਸਮਾਚਾਰ"ਸਪਤਾਹਿਕ ਪੱਤਰ ਦਾ ਸ਼ੁਭ ਆਰੰਭ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇੱਕ ਮਹੀਨੇਵਾਰ ਪਰਚਾ ਨਿਰਗੁਣੀਆਰਾ ਕੱਢਣਾ ਸ਼ੁਰੂ ਕੀਤਾ। ਜੋ ਅੱਜ ਤੱਕ ਨਿਰਵਿਘਨ ਪ੍ਰਕਾਸ਼ ਹੋ ਰਿਹਾ ਹੈ। ਏਸੇ ਦੌਰ ਵਿਚ ਹੀ ਆਪਨੇ 'ਸੁੰਦਰੀ' ਅਤੇ ਬਿਜੇ ਸਿੰਘ' ਨਾਵਲ ਲਿਖੇ। ਇਨ੍ਹਾਂ ਤੋਂ ਪਿੱਛੋਂ 'ਸਤਵੰਤ ਕੌਰ ਅਤੇ "ਬਾਬਾ ਨੌਧ ਸਿੰਘ' ਰਾਹੀਂ ਅਦਰਸ਼ਕ ਸਿੱਖੀ ਨਮੂਨੇ ਪੇਸ਼ ਕੀਤੇ। ਇਨ੍ਹਾਂ ਕਿਤਾਬਾਂ ਨੇ ਪੰਜਾਬੀ ਸਮਾਜ ਵਿਚ ਜਾਗ੍ਰਿਤੀ ਪੈਦਾ ਕਰ ਦਿੱਤੀ।

ਉਸ ਸਮੇਂ ਦੇ ਰਿਵਾਜ ਅਨੁਸਾਰ ਵੀਰ ਸਿੰਘ ਹੁਰਾਂ ਦੀ ਸ਼ਾਦੀ ਵੀ ਛੋਟੀ ਉਮਰ ਵਿਚ ਹੀ ਸਰਦਾਰ ਨਰਾਇਣ ਸਿੰਘ ਅਤੇ ਬੀਬੀ ਜੈਅ ਕੌਰ ਦੀ ਸਪੁੱਤਰੀ ਬੀਬੀ ਚਤੁਰ ਕੌਰ ਜੀ ਨਾਲ ਅੰਮ੍ਰਿਤਸਰ ਵਿਚ ਹੋ ਗਈ।ਉਦੋਂ ਉਹ ਸਕੂਲ ਵਿਚ ਪੜ੍ਹ ਹੀ ਰਹੇ ਸਨ।ਆਪ ਜੀ ਦੇ ਘਰ ਦੋ ਬੱਚੀਆਂ ਨੇ ਜਨਮ ਲਿਆ। ਵੱਡੀ ਬੇਟੀ ਦਾ ਨਾਮ ਕਰਤਾਰ ਕੌਰ ਸੀ ਅਤੇ ਛੋਟੀ ਬੇਟੀ ਦਾ ਨਾਮ ਸੁਸ਼ੀਲ ਕੌਰ ਸੀ।

ਗੁਰਮੁਖ ਜੀਵਨ ਦੇ ਕਰਤਾ ਗਿਆਨੀ ਮਹਾਂ ਸਿੰਘ ਨੇ ਲਿਖਿਆ ਹੈ ਕਿ ਵੱਡੀ ਬੇਟੀ ਅਜੇ ਸਾਲ ਕੁ ਦੀ ਸੀ ਜਦੋਂ ਬੀਬੀ ਚਤੁਰ ਕੌਰ ਬਹੁਤ ਬਿਮਾਰ ਹੋ ਗਈ।ਉਸ ਦੇ ਬਚਣ ਦੀ ਉਮੀਦ ਡਾਵਾਂਡੋਲ ਸੀ। ਵੀਰ ਸਿੰਘ ਜੀ ਦੇ ਪਿਤਾ ਡਾਕਟਰ ਚਰਨ ਸਿੰਘ ਬਹੁਤ ਵਿਆਕੁਲ ਹੋ ਗਏ। ਉਹ ਆਪ ਬੜੇ ਕਾਬਿਲ ਡਾਕਟਰ ਸਨ। ਉਨ੍ਹਾਂ ਦੀ ਕੋਈ ਦਵਾਈ ਰੋਗ ਨੂੰ ਕਾਟ ਨਹੀਂ ਸੀ ਕਰਦੀ। ਉਨ੍ਹਾਂ ਨੇ ਹੋਰ ਸਪੈਸ਼ਲਿਟ ਡਾਕਟਰਾਂ ਕੋਲੋਂ ਵੀ ਇਲਾਜ਼ ਸ਼ੁਰੂ ਕੀਤਾ। ਕਈ ਸਿਆਣੇ ਲੋਕ ਡਾ . ਚਰਨ ਸਿੰਘ ਨੂੰ ਇਹ ਸਲਾਹ ਦੇਣ ਲੱਗੇ ਕਿ "ਕਿਉਂ ਏਨਾ ਖ਼ਰਚ ਅਤੇ ਫਿਕਰ ਕਰਦੇ ਹੋ। ਜੇ ਮਰ ਵੀ ਗਈ ਤਾਂ ਕਾਕੇ ਦਾ ਹੋਰ ਵਿਆਹ ਕਰ ਦਿਆਂਗੇ ਤੂੰ ਚਿੰਤਾ ਨਾ ਕਰ"ਤਾਂ ਡਾਕਟਰ ਸਾਹਿਬ ਨੇ ਕਿਹਾ, ਇਕ ਖ਼ਾਸ ਗੱਲ ਹੈ ਜਿਸ ਕਰਕੇ ਮੈਂ ਫਿਕਰਮੰਦ ਹਾਂ। ਇਹ ਬੱਚੀ ਕਿਸੇ ਤਰ੍ਹਾਂ ਬਚ ਜਾਏ। ਜੇ ਇਹ ਚੜ੍ਹਾਈ ਕਰ ਗਈ ਤਾਂ ਕਾਕੇ ਨੇ ਉਕਾ ਹੀ ਦੂਜਾ ਵਿਆਹ ਨਹੀਂ ਕਰਾਉਣਾ। ਉਹ ਤਾਂ ਪਹਿਲਾਂ ਹੀ ਭੱਜਣ ਨੂੰ ਫਿਰਦਾ ਸੀ ਮੈਂ ਮਸੀਂ ਉਸ ਨੂੰ ਇਸ ਬੱਚੀ ਨਾਲ ਬੰਨਿਆ ਹੈ। ਇਸ ਲਈ ਮੈਨੂੰ ਇਸ ਦੇ ਜੀਵਨ ਦੀ ਸਖ਼ਤ ਲੋੜ ਹੈ।"ਡਾਕਟਰ ਪਿਤਾ ਦੀ ਮਿਹਨਤ ਵਰ ਆਈ।ਚਤੁਰ ਕੌਰ ਜੀ ਸਿਹਤਯਾਬ ਹੋ ਗਏ।

1892 ਵਿਚ ਭਾਈ ਵੀਰ ਸਿੰਘ ਜੀ ਨੇ ਨਾਨਕਿਆਂ ਵਿਚੋਂ ਰਿਸ਼ਤੇਦਾਰ ਵਜ਼ੀਰ ਸਿੰਘ ਨਾਲ ਰਲ ਕੇ ਵਜ਼ੀਰ ਹਿੰਦ ਪ੍ਰੈਸ ਚਾਲੂ ਕੀਤਾ। ਆਪ ਨੇ ਪ੍ਰੈਸ ਲੈ ਕੇ ਕਿਰਾਏ ਦੀ ਦੁਕਾਨ ਵਿਚ ਫਿਟ ਕਰਕੇ ਕੰਮ ਦੀ ਸ਼ੁਰੂਆਤ ਕੀਤੀ।ਪਰ ਉਹ ਪ੍ਰੈਸ ਆਪ ਨਹੀਂ ਚਲਾਈ। ਕਿਸੇ ਹੋਰ ਨੂੰ ਚਾਰ ਰੁਪਏ ਮਹੀਨਾ ਕਿਰਾਏ ਉੱਤੇ ਦੇ ਦਿੱਤੀ। ਇਸ ਤਰ੍ਹਾਂ ਉਨ੍ਹਾਂ ਹੌਲੀ ਹੌਲੀ ਤਿੰਨ ਪ੍ਰੈਸਾਂ ਹੋਰ ਲੈ ਕੇ ਕਿਰਾਏ ਉੱਤੇ ਦੇ ਦਿੱਤੀਆਂ। ਜਿਨ੍ਹਾਂ ਦਾ 16 ਰੁਪਏ ਮਹੀਨਾ ਕਿਰਾਇਆ ਆਉਣ ਲੱਗ ਪਿਆ।



ਫਿਰ ਉਨ੍ਹਾਂ ਨੇ ਸਾਰੇ ਪ੍ਰੈਸ ਇਕ ਥਾਂ ਉਤੇ ਲਾ ਕੇ ਆਪ ਕੰਮ ਚਾਲੂ ਕੀਤਾ। ਇਹ 6 ਪ੍ਰੈਸਾਂ ਵਾਲਾ ਵੱਡਾ ਛਾਪਾਖਾਨਾ ਉਸ ਵੇਲੇ ਅੰਮ੍ਰਿਤਸਰ ਵਿਚ ਇਕ ਇਕ ਸੀ। ਇਸ ਦੇ ਨਾਲ ਹੀ ਸੋਡਾ ਭਰਨ ਦੀ ਮਸ਼ੀਨ ਵੀ ਲਾ ਲਈ। ਪਰ ਉਹ ਬਹੁਤਾ ਖ਼ਰਾਬ ਹੀ ਰਹਿੰਦੀ। ਇਸ ਲਈ ਉਸ ਨੂੰ ਵੇਚ ਦਿੱਤਾ ਗਿਆ। ਇਹ ਸਾਰਾ ਕੰਮ ਉਨ੍ਹਾਂ ਘਰੋਂ ਕੋਈ ਪੈਸਾ ਖ਼ਰਚ ਕਰਨ ਤੋਂ ਬਿਨ੍ਹਾਂ ਹੀ ਕੀਤਾ। ਭਾਈ ਵਜ਼ੀਰ ਸਿੰਘ ਹੁਰਾਂ ਨੂੰ ਛਾਪੇਖਾਨੇ ਦਾ ਇੰਚਾਰਜ ਬਣਾਇਆ ਤੇ ਆਪ ਛਪਾਈ ਦਾ ਪ੍ਰਬੰਧ ਦੇਖਣ ਲੱਗੇ। ਬਾਹਰੋਂ ਛਪਾਈ ਲਈ ਮੈਟਰ ਇਕੱਠਾ ਕਰਨਾ ਤੇ ਛਾਪ ਕੇ ਉਸ ਦੇ ਪਰੂਫ ਪੜ੍ਹਨੇ ਆਪ ਦਾ ਹੀ ਕੰਮ ਸੀ। ਇਹ ਸਾਰਾ ਕੰਮ ਉਰਦੂ ਅੱਖਰਾਂ ਵਿਚ ਹੀ ਹੁੰਦਾ ਸੀ। ਜਦੋਂ ਕੰਮ ਥੋੜਾ ਚੱਲ ਪਿਆ ਤਾਂ ਵਜ਼ੀਰ ਸਿੰਘ ਨਾਲ ਸਲਾਹ ਕਰਕੇ ਗੁਰਮੁਖੀ ਅਤੇ ਅੰਗਰੇਜ਼ੀ ਅੱਖਰਾਂ ਵਾਲੀ ਮਸ਼ੀਨ ਲਾਉਣ ਦਾ ਮਨ ਬਣਾਇਆ। ਇਹ ਮਸ਼ੀਨਾਂ ਬੰਬਈ ਵਿਚ ਬਣਨ ਲੱਗ ਪਈਆਂ ਸਨ। ਸਾਰੀ ਸਲਾਹ ਕਰਕੇ ਵਜ਼ੀਰ ਸਿੰਘ ਬੰਬਈ ਜਾਣ ਲਈ ਘਰੋਂ ਤੁਰ ਪਏ੍ ਜਦੋਂ ਉਹ ਬਜ਼ਾਰ ਵਿਚ ਜਾ ਰਹੇ ਸਨ ਤਾਂ ਉਨ੍ਹਾਂ ਇਕ ਮਸ਼ੀਨ ਗੱਡੇ ਉੱਤੇ ਲੱਦੀ ਦੇਖੀ। ਉਹ ਮਾਲਕਾਂ ਕੋਲ ਜਾ ਕੇ ਮਸ਼ੀਨ ਬਾਰੇ ਗੱਲ ਕਰਨ ਲੱਗੇ ਤਾਂ ਉਨ੍ਹਾਂ ਕਿਹਾ ਮਸ਼ੀਨ ਤਾਂ ਅਸੀਂ ਲੈ ਆਏ ਹਾਂ ਪਰ ਸਾਡੇ ਕੋਲ ਮਸ਼ੀਨ ਫਿੱਟ ਕਰਨ ਲਈ ਅਜੇ ਥਾਂ ਨਹੀਂ ਹੈ। ਤੁਸੀਂ ਇਹੋ ਮਸ਼ੀਨ ਲੈ ਲਉ। ਉਹ ਮਸ਼ੀਨ ਅੱਧ ਦੇ ਹਿੱਸੇ ਨਾਲ ਵਜ਼ੀਰ ਸਿੰਘ ਹੁਰਾਂ ਆਪਣੇ ਟਿਕਾਣੇ ਲਾ ਲਈ, ਇਹ ਸੋਚ ਕੇ ਕਿ ਜੇ ਕੰਮ ਚੱਲ ਪਿਆ ਤਾਂ ਹੋਰ ਲੈ ਆਵਾਂਗੇ।

ਉਸ ਮਸ਼ੀਨ ਦੇ ਮਾਲਕਾਂ ਸ਼ਮਸਦੀਨ ਤੇ ਗੁਲਾਮ ਯਾਸੀਨ ਹੁਰਾਂ ਦਾ ਸਾਰਾ ਕੰਮ ਲਾਹੌਰ ਵਿਚ ਸੀ।ਇਸ ਕਰਕੇ ਕੁਝ ਚਿਰ ਪਿੱਛੋਂ ਉਨ੍ਹਾਂ ਆਪਣਾ ਹਿੱਸਾ ਲੈ ਕੇ ਮਸ਼ੀਨ ਵਜ਼ੀਰ ਸਿੰਘ ਹੁਰਾਂ ਕੋਲ ਵੇਚ ਦਿੱਤੀ। ਵਜ਼ੀਰ ਸਿੰਘ ਹੁਰਾਂ ਦਾ ਕੰਮ ਤੇਜ਼ੀ ਨਾਲ ਚੱਲਣ ਲੱਗ ਪਿਆ। ਇਸ ਪ੍ਰੈਸ ਵਿਚ ਹੀ ਲਾਲਾ ਧਨੀਰਾਮ ਚਾਤ੍ਰਿਕ ਨੇ ਬਹੁਤ ਚਿਰ 'ਕਾਤਿਬ' ਦਾ ਕੰਮ ਕੀਤਾ। ਫਿਰ ਉਹ ਬੰਬਈ ਚਲੇ ਗਏ ਜਿਥੇ ਉਨ੍ਹਾਂ ਪੰਜਾਬੀ ਟਾਈਪ ਰਾਇਟਰ ਬਣਾਉਣ ਦਾ ਉਪਰਾਲਾ ਕੀਤਾ।

1908 ਵਿਚ ਬਿਮਾਰੀ ਕਰਕੇ ਵਜ਼ੀਰ ਸਿੰਘ ਚਲਾਣਾ ਕਰ ਗਏ।ਉਨ੍ਹਾਂ ਦੇ ਮੁੰਡੇ ਇਸ ਕੰਮ ਵਿਚ ਨਾ ਪਏ। ਸਾਰੇ ਕੰਮ ਦਾ ਭਾਰ ਵੀਰ ਸਿੰਘ ਜੀ ਦੇ ਮੋਢਿਆਂ ਤੇ ਆ ਪਿਆ। ਵਜ਼ੀਰ ਸਿੰਘ ਦਾ ਹਿੱਸਾ ਬਰਕਰਾਰ ਰੱਖਿਆ ਗਿਆ।

ਕੰਮ ਬਹੁਤ ਹੋਣ ਕਰਕੇ 130 ਰੁਪਏ ਮਹੀਨਾ ਉੱਤੇ ਲਖਬੀਰ ਸਿੰਘ ਨੂੰ ਮੈਨੇਜਰ ਰੱਖਿਆ ਗਿਆ। ਉਸ ਨੇ ਗਹਿਰੀ ਚਾਲ ਨਾਲ ਹਰ ਸਾਲ ਪ੍ਰੈਸ ਘਾਟੇ ਵਿਚ ਦਿਖਾਉਣਾ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਬਹੁਤ ਦੁਖੀ ਹੋ ਗਏ ਕਿ ਕੰਮ ਤਾਂ ਓਨਾਂ ਹੀ ਹੈ, ਪ੍ਰੈਸ ਘਾਟੇ ਵਿਚ ਕਿਵੇਂ ਜਾ ਰਿਹਾ ਹੈ। ਆਖਰ ਆਪਣੇ ਹੱਥੀਂ ਲਾਇਆ ਪ੍ਰੈਸ ਦੁਖੀ ਹੋ ਕੇ ਲਖਵੀਰ ਸਿੰਘ ਕੋਲ ਹੀ ਵੇਚ ਦਿੱਤਾ। ਪਹਿਲਾਂ ਲਖਬੀਰ ਸਿੰਘ ਆਪ ਪ੍ਰੈਸ ਚਲਾਉਂਦਾ ਰਿਹਾ ਫਿਰ ਉਸ ਦੀ ਔਲਾਦ ਉਸ ਵਿਚੋਂ ਕਮਾਈ ਕਰਦੀ ਰਹੀ।

ਉਹ ਪੈਸੇ ਗਲੋਂ ਲਾਹ ਕੇ ਭਾਈ ਸਾਹਿਬ ਨੂੰ ਦੁਖ ਤਾਂ ਹੋਇਆ ਪਰ ਹੁਣ ਉਹ ਆਪਣੇ ਆਪ ਨੂੰ ਹੌਲਾ ਮਹਿਸੂਸ ਕਰਦੇ ਸਨ। ਉਨ੍ਹਾਂ ਇਕ ਕਵਿਤਾ ਲਿਖੀ।

ਹੈ ਕਿੰਞ ਕਿਵੇਂ ਓ ਫਿਰ ਲਹਿਰਾਂ? ਉਹ ਮਿੱਠੀਆਂ ਠੰਢੀਆਂ ਫਿਰ ਲਹਿਰਾਂ
ਉਹ ਸ਼ਾਖ ਸੁਹਾਵੀ, ਫੁੱਲ ਟਹਿਣੀ,
ਉਹ ਪੀਂਘ ਝਮੰਦੜੀ ਫਲ-ਟਹਿਣੀ।
ਕੀ ਸੱਚ ਮੁੱਚ ਖੁੱਲ ਵਿਚ ਪਹੁੰਚ ਪਈ?
ਕੀ ਸੱਚ ਮੁੱਚ ਬੰਦੀ ਨਹੀਂ ਰਹੀ?
ਮੈਂ ਕਿੰਞ ਕਿਵੇਂ ਬਨ ਆਇ ਗਈ?
ਹਾਂ ਪੌਣ ਝਲੰਦੜੀ ਸਹੀ।

ਡਾਕਟਰ ਚਰਨ ਸਿੰਘ ਜੀ ਰਾਤੀ ਢਾਈ ਵਜੇ ਦਰਬਾਰ ਸਾਹਿਬ ਪਹੁੰਚ ਕੇ ਨੰਗੇ ਪੈਰੀ (ਚਾਹੇ ਗਰਮੀ ਹੋਵੇ ਚਾਹੇ ਸਰਦੀ) ਪਰਕਰਮਾਂ ਵਿਚ ਝਾੜੂ ਦੀ ਸੇਵਾ ਕਰਦੇ ਸਨ। ਭਾਈ ਵੀਰ ਸਿੰਘ ਪਿਤਾ ਦੇ ਨਕਸ਼ੇ ਕਦਮਾਂ ਤੇ ਚੱਲਦੇ ਹੋਏ 2-2½ ਵਜੇ ਪਰਕਰਮਾਂ ਵਿਚ ਝਾੜੂ ਦੀ ਸੇਵਾ ਲਈ ਪਹੁੰਚ ਜਾਂਦੇ। ਸੇਵਾ ਕਰਦਿਆਂ ਉਹ ਆਪਣਾ ਚਿਹਰਾ ਲੁਕੋ ਲੈਂਦੇ ਕਿ ਕੋਈ ਉਨ੍ਹਾਂ ਨੂੰ ਪਛਾਣ ਨਾ ਸਕੇ।

ਭਾਈ ਸਾਹਿਬ ਉਦੋਂ ਦਸਵੀਂ ਵਿਚ ਪੜ੍ਹਦੇ ਸਨ। ਉਨ੍ਹਾਂ ਆਪਣੇ ਆਲੇ ਦੁਆਲੇ ਦੇ ਘਟਨਾ ਚੱਕਰ ਤੋਂ ਬਣੇ ਵਿਚਾਰ ਨੂੰ ਲਿਖਣ ਦਾ ਮਨ ਬਣਾਇਆ। ਜਦੋਂ ਉਹ ਕਿਤਾਬ ਜਿੰਨਾ ਮੈਟਰ ਹੋ ਗਿਆ ਤਾਂ ਉਸ ਨੂੰ ਕਿਤਾਬੀ ਰੂਪ 'ਸੁੰਦਰੀ' ਦੇ ਨਾਮ ਹੇਠ ਦਿੱਤਾ ਗਿਆ।

ਭਾਈ ਵੀਰ ਸਿੰਘ ਜੀ ਦਾ ਪੰਜਵੀਂ ਸਰਬ ਹਿੰਦ ਵਿੱਦਿਅਕ ਕਾਨਫਰੰਸ ਵੇਲੇ ਸਿਆਲਕੋਟ ਵਿਖੇ ਪ੍ਰੋ. ਪੂਰਨ ਸਿੰਘ ਨਾਲ ਮੇਲ ਹੋਇਆ। ਪ੍ਰੋ. ਸਾਹਬ ਸੀ ਤਾਂ ਸਿੱਖ ਹੀ, ਪਰ ਜਪਾਨ ਵਿਚ ਪੜ੍ਹਦਿਆਂ ਉਹ ਸਵਾਮੀ ਰਾਮਤੀਰਥ ਦੇ ਪ੍ਰਭਾਵ ਹੇਠ ਆ ਕੇ ਸਿੱਖੀ ਨਿਸ਼ਾਨ ਨੂੰ ਤਿਲਾਂਜਲੀ ਦੇ ਕੇ ਸਨਿਆਸੀ ਬਣ ਗਏ ਸਨ। ਜਦੋਂ ਉਹ ਘੋਨ ਮੋਨ ਹੋ ਕੇ ਭਾਰਤ ਪਰਤੇ ਤਾਂ ਉਨ੍ਹਾਂ ਦੇ ਰਿਸ਼ਤੇਦਾਰ, ਖ਼ਾਸ ਕਰਕੇ ਭੈਣ ਭਣੌਈਆ ਬਹੁਤ ਦੁਖੀ ਹੋ ਗਏ। ਉਹ ਕੋਸ਼ਿਸ਼ ਵਿਚ ਲੱਗ ਗਏ ਕਿ ਕਿਸੇ ਤਰ੍ਹਾਂ ਪੂਰਨ ਸਿੰਘ ਫਿਰ ਸਿੱਖੀ ਸਰੂਪ ਧਾਰਨ ਕਰ ਲਵੇ। ਉਨ੍ਹਾਂ ਨੇ ਪੂਰਨ ਸਿੰਘ ਅਤੇ ਭਾਈ ਸਾਹਿਬ ਦਾ ਮੇਲ ਕਰਾਉਣ ਦਾ ਯਤਨ ਆਰੰਭ ਕਰ ਦਿੱਤਾ। ਉਨ੍ਹਾਂ ਨੂੰ ਇਹ ਯਕੀਨ ਸੀ ਜੇ ਦੋਹਾਂ ਦਾ ਮੇਲ ਹੋ ਜਾਏ ਤਾਂ ਭਾਈ ਵੀਰ ਸਿੰਘ, ਪੂਰਨ ਸਿੰਘ ਨੂੰ ਸਮਝਾਉਣ ਵਿਚ ਕਾਮਯਾਬ ਜ਼ਰੂਰ ਹੋਣਗੇ।

ਆਖਰ ਇਹ ਮੁਲਾਕਾਤ 6 ਅਪਰੈਲ 1912 ਨੂੰ ਸਿਆਲਕੋਟ ਵਿਚ ਕਾਨਫਰੰਸ ਦੇ ਮੌਕੇ ਹੋ ਗਈ। ਦੋਹਾਂ ਨੇ ਨਿਵੇਕਲੇ ਬੈਠ ਕੇ ਬਹੁਤ ਦੇਰ ਤੱਕ ਵਿਚਾਰ ਵਟਾਂਦਰਾ ਕੀਤਾ। ਭਾਈ ਸਾਹਿਬ ਨੇ ਆਪਣੇ ਵਿਚਾਰਾਂ ਨਾਲ ਪੂਰਨ ਸਿੰਘ ਨੂੰ ਕਾਇਲ ਕਰ ਲਿਆ। ਉਹ ਮੁੜ ਸਿੱਖੀ ਧਾਰਨ ਕਰਨ ਲਈ ਰਾਜੀ ਹੋ ਗਏ। ਫਿਰ ਉਨ੍ਹਾਂ ਸਿੱਖੀ ਵਿਚ ਹੀ ਪ੍ਰਵੇਸ਼ ਨਹੀਂ ਕੀਤਾ ਸਗੋਂ ਉਨ੍ਹਾਂ ਪੰਜਾਬੀ ਪੜ੍ਹਨੀ ਲਿਖਣੀ ਸਿੱਖੀ ਅਤੇ ਅੰਗਰੇਜ਼ੀ ਵਿਚ ਲਿਖਣ ਦੀ



ਬਜਾਏ ਪੰਜਾਬੀ ਵਿਚ ਕਵਿਤਾ ਲਿਖਣ ਲੱਗ ਪਏ। ਪ੍ਰੋਫੈਸਰ ਸਾਹਿਬ, ਭਾਈ ਸਾਹਿਬ ਨੂੰ ਪਿਤਾ ਸਮਾਨ ਇੱਜ਼ਤ ਦੇਣ ਲੱਗੇ। ਪਰ ਅਫ਼ਸੋਸ ਦੋਹਾਂ ਦਾ ਮੇਲ ਮਿਲਾਪ ਥੋੜਾ ਚਿਰ ਹੀ ਰਿਹਾ। ਪ੍ਰੋ. ਪੂਰਨ ਸਿੰਘ 31 ਮਾਰਚ 1931 ਨੂੰ ਅਕਾਲ ਚਲਾਣਾ ਕਰ ਗਏ। ਭਾਈ ਸਾਹਿਬ ਨੂੰ ਉਨ੍ਹਾਂ ਦੇ ਜਾਣ ਦਾ ਬਹੁਤ ਸਦਮਾ ਲੱਗਾ।

ਪ੍ਰੋ. ਪੂਰਨ ਸਿੰਘ ਨੇ ਭਾਈ ਸਾਹਿਬ ਵੀਰ ਸਿੰਘ ਜੀ ਦੀਆਂ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਕੇ 'ਨਰਗਸ' ਨਾਮ ਹੇਠ ਕਿਤਾਬ ਦਾ ਖਰੜਾ ਤਿਆਰ ਕਰਕੇ ਮਸ਼ਹੂਰ ਚਿਤਰਕਾਰ ਮੁਹੰਮਦ ਅਬਦੁਲ ਰਹਿਮਾਨ ਚੁਗਤਾਈ ਨੂੰ ਦਿੱਤਾ। ਚੁਗਤਾਈ ਨੇ ਉਨ੍ਹਾਂ ਕਵਿਤਾਵਾਂ ਦੇ ਸਕੈੱਚ ਬਣਾਏ ਤੇ ਫਿਰ ਉਸ ਕਿਤਾਬ ਦੀ ਛਪਾਈ ਇੰਗਲੈਂਡ ਵਿਚ ਹੋਈ।

ਕਹਿੰਦੇ ਹਨ ਸ . ਸੋਭਾ ਸਿੰਘ ਇਰਾਕ ਵਿਚ ਡਰਾਫਟਸਮੈਨ ਵਜੋਂ ਨੌਕਰੀ ਕਰ ਰਹੇ ਸਨ। ਉਨ੍ਹਾਂ ਦਾ ਮਨ ਚਿਤਰਕਾਰੀ ਵੱਲ ਨੂੰ ਹੋਣ ਲੱਗਾ। ਉਹ ਨੌਕਰੀ ਛੱਡ ਕੇ ਦੇਹਰਾਦੂਨ ਆ ਗਏ। ਏਥੇ ਆ ਕੇ ਉਨ੍ਹਾਂ ਦੇ ਦਿਲ ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਿੱਤਰ ਬਣਾਉਣ ਦਾ ਖਿਆਲ ਆਇਆ। ਉਹ ਸੋਚਣ ਲੱਗੇ ਕਿ ਕਿਸ ਸੱਜਣ ਨਾਲ ਵਿਚਾਰ ਕੀਤੀ ਜਾਵੇ ਕਿ ਗੁਰੂ ਸਾਹਿਬਾਨਾਂ ਦੀ ਸਰੀਰਕ ਦਿੱਖ ਕਿਹੋ ਜਿਹੀ ਸੀ। ਕਿਸੇ ਨੇ ਉਨ੍ਹਾਂ ਨੂੰ ਭਾਈ ਵੀਰ ਸਿੰਘ ਕੋਲ ਜਾਣ ਲਈ ਕਿਹਾ। ਉਹ ਭਾਈ ਸਾਹਿਬ ਕੋਲ ਅੰਮ੍ਰਿਤਸਰ ਆਏ ਤੇ ਆਪਣੀ ਮੁਸ਼ਕਲ ਦੱਸੀ। ਭਾਈ ਸਾਹਿਬ ਨੇ ਦੱਸਿਆ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਸਰੀਰ ਕੁਝ ਭਾਰਾ ਸੀ ਤੇ ਗਰਦਨ ਆਮ ਨਾਲੋਂ ਕੁਝ ਲੰਬੀ ਸੀ। ਸੋਭਾ ਸਿੰਘ ਜੀ ਨੇ ਦਸੇ ਅਨੁਸਾਰ ਚਿਤਰ ਬਣਾਇਆ ਤੇ ਅੰਮ੍ਰਿਤਸਰ ਆ ਕੇ ਭਾਈ ਜੀ ਨੂੰ ਦਿਖਾਇਆ। ਜੋ ਘਾਟ ਮਹਿਸੂਸ ਹੋਈ ਦੋਹਾਂ ਨੇ ਵਿਚਾਰ ਕਰਕੇ ਉਹ ਨੋਟ ਕਰ ਲਈ। ਸੋਭਾ ਸਿੰਘ ਚਿੱਤਰ ਲੈ ਕੇ ਦੇਹਰਾਦੂਨ ਆਪਣੇ ਸਟੂਡੀਓ ਆਏ ਤੇ ਚਿੱਤਰ ਨੂੰ ਫਿਰ ਤਿਆਰ ਕੀਤਾ। ਇਸ ਤਰ੍ਹਾਂ ਉਨ੍ਹਾਂ ਦੇ ਚਾਰ ਪੰਜ ਚੱਕਰ ਅੰਮ੍ਰਿਤਸਰ—ਦੇਹਰਾਦੂਨ ਦੇ ਲੱਗੇ। ਚਿੱਤਰ ਤਿਆਰ ਹੋ ਗਏ। ਸਿੱਖ ਜਗਤ ਵਿਚ ਉਨ੍ਹਾਂ ਚਿੱਤਰਾਂ ਨੂੰ ਬਹੁਤ ਸਲਾਹਿਆ ਗਿਆ।

ਭਾਈ ਵੀਰ ਸਿੰਘ ਜੀ ਦੀ, ਬਾਣੀ ਵਿਚ ਅਥਾਹ ਨਿਸਚਾ ਸੀ। ਉਹ ਰੋਜ਼ ਹਰਮੰਦਰ ਸਾਹਿਬ ਜਾਂਦੇ, ਸੇਵਾ ਕਰਦੇ, ਬਾਣੀ ਸੁਣਦੇ ਤੇ ਵਿਚਾਰਦੇ। ਜਦੋਂ 1947 ਦਾ ਵੱਢ ਵਢਾਂਗਾ ਹੋਇਆ ਉਦੋਂ ਭਾਈ ਸਾਹਿਬ ਆਪਣੇ ਛੋਟੇ ਵੀਰ ਬਲਬੀਰ ਸਿੰਘ ਨਾਲ ਪੰਜਾਬ ਸਿੰਧ ਬੈਂਕ ਵਿਚ ਕਿਸੇ ਮੀਟਿੰਗ ਵਿਚ ਬੈਠੇ ਸਨ। ਭਾਈ ਸਾਹਿਬ ਤੋਂ ਛੋਟੇ ਤਿੰਨ ਭਰਾ ਜੈ ਰਾਜ ਸਿੰਘ, ਲਖਬੀਰ ਸਿੰਘ ਤੇ ਡਾ. ਬਲਵੀਰ ਸਿੰਘ ਅਤੇ ਦੋ ਭੈਣਾਂ ਮਥੁਰਾ ਦੇਵੀ ਤੇ ਬੀਬੀ ਸੰਤੀ ਸਨ। ਜਦੋਂ ਉਹ ਵਿਹਲੇ ਹੋ ਕੇ ਬਾਹਰ ਨਿਕਲੇ ਤਾਂ ਕਈ ਥਾਵਾਂ ਤੇ ਭਾਂਬੜ ਮਚੇ ਹੋਏ ਸਨ।

ਉਹ ਇਲਾਕਾ ਮੁਸਲਿਮ ਅਬਾਦੀ ਦੀ ਬਹੁਲਤਾ ਵਾਲਾ ਸੀ। ਹਰ ਪਾਸੇ ਅੱਲਾ ਹੂ ਅਕਬਰ ਦੇ ਨਾਹਰੇ ਲੱਗ ਰਹੇ ਸਨ। ਡਾਕਟਰ ਬਲਬੀਰ ਸਿੰਘ ਹੁਰਾਂ ਡਰਾਈਵਰ ਨੂੰ ਕਿਹਾ ਕਿ

ਕਾਰ ਬਿਲਕੁਲ ਨਹੀਂ ਰੋਕਣੀ ਭਾਵੇਂ ਕੋਈ ਕੁਝ ਕਹੇ। ਤਿੰਨੇ ਕਾਰ ਵਿਚ ਬੈਠ ਗਏ। ਰਾਹ ਵਿਚ ਮੁਸਲਮਾਨਾਂ ਨੇ ਕਾਰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਡਰਾਈਵਰ ਨੇ ਐਕਸੀਲੇਟਰ ਤੋਂ ਪੈਰ ਨਾ ਚੁੱਕਿਆ ਕਈ ਥਾਵਾਂ ਤੇ ਕਾਰ ਉਤੇ ਡਾਗਾਂ ਵੀ ਵਰ੍ਹੀਆਂ।ਜਿਵੇਂ ਕਿਵੇਂ ਤਿੰਨੇ ਜਣੇ ਕੋਠੀ ਪਹੁੰਚ ਗਏ। ਉਥੋਂ ਭਾਈ ਸਾਹਿਬ ਨੇ ਲੈਫਟੀਨੈਂਟ ਕਰਨਲ ਗੁਲੋਰੀਆਂ ਨੂੰ ਫੋਨ ਕਰਕੇ ਸ਼ਹਿਰ ਦੇ ਹਾਲਾਤ ਤੋਂ ਜਾਣੂ ਕਰਾਇਆ। ਉਸ ਅਫਰਾ ਤਫਰੀ ਨੂੰ ਕੰਟਰੋਲ ਕਰਨ ਲਈ ਵਿਚਾਰ ਕੀਤੀ ਗਈ। ਮਿਲਟਰੀ ਨੇ ਭਾਈ ਸਾਹਬ ਨੂੰ ਦੱਸਿਆ ਕਿ ਸ਼ਹਿਰ ਦੇ ਹਾਲਾਤ ਬਹੁਤ ਖ਼ਰਾਬ ਹੋ ਰਹੇ ਹਨ। ਤੁਸੀਂ ਕੋਠੀ ਖ਼ਾਲੀ ਕਰ ਦਿਓ। ਭਾਈ ਸਾਹਿਬ ਨੇ ਖ਼ਾਸ ਖ਼ਾਸ ਸਮਾਨ ਇਕੱਠਾ ਕੀਤਾ ਤੇ ਪਰਿਵਾਰ ਨਾਲ ਦੇਹਰਾਦੂਨ ਚਲੇ ਗਏ। ਉਸ ਤੋਂ ਬਾਅਦ ਉਜੜ ਕੇ ਆਏ ਲੋਕਾਂ ਨੂੰ ਵਸਾਉਣ ਦਾ ਪ੍ਰਬੰਧ ਵੀ ਭਾਈ ਸਾਹਿਬ ਕਰਦੇ ਰਹੇ।

ਜਦੋਂ ਕੁਝ ਟਿਕ ਟਿਕਾ ਹੋ ਗਿਆ ਤਾਂ ਭਾਈ ਸਾਹਿਬ ਨੇ ਦੇਹਰਾਦੂਨ ਵਿਚ ਰਹਿ ਕੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨਾ ਆਰੰਭ ਕੀਤਾ। ਪੰਜਾਬ ਵੰਡ ਹੋ ਗਿਆ। ਪੰਜਾਬ ਯੂਨੀਵਰਸਿਟੀ ਲਾਹੌਰ ਰਹਿ ਗਈ। ਯੂਨੀਵਰਸਿਟੀ ਦਾ ਆਰਜ਼ੀ ਦਫ਼ਤਰ ਸ਼ਿਮਲੇ ਬਣਾਇਆ ਗਿਆ।ਉਜੜਕੇ ਆਏ ਲੋਕਾਂ ਦਾ ਆਰਜੀ ਟਿਕ-ਟਿਕਾ ਹੋ ਗਿਆ ਸੀ। ਜਿਨ੍ਹਾਂ ਲੋਕਾਂ ਨੇ ਇਸ ਕੰਮ ਵਿਚ ਹਿੱਸਾ ਲਿਆ ਸੀ। ਯੂਨੀਵਰਸਿਟੀ ਨੇ

ਉਨ੍ਹਾਂ ਨੂੰ ਸਨਮਾਨਿਤ ਕੀਤਾ ਸੀ। ਉਹ ਚਾਰ ਸੱਜਣ ਸਨ।

1. ਸਰ ਚੰਦੂ ਲਾਲ ਤ੍ਰਿਵੇਦੀ ਗਵਰਨਰ ਪੰਜਾਬ

2. ਸਰਦਾਰ ਵੱਲਭ ਭਾਈ ਪਟੇਲ ਗ੍ਰਹਿ ਮੰਤਰੀ ਕੇਂਦਰ ਸਰਕਾਰ

3. ਮਿ. ਜਸਟਿਸ ਮੋਹਰ ਚੰਦ ਮਹਾਜਨ 4. ਭਾਈ ਸਾਹਿਬ ਭਾਈ ਵੀਰ ਸਿੰਘ ਜੀ।

ਪੰਜਾਬ ਯੂਨੀਵਰਸਿਟੀ ਵੱਲੋਂ ਭਾਈ ਸਾਹਿਬ ਭਾਈ ਜੋਧ ਸਿੰਘ ਜੀ ਦੇ ਹੱਥੀਂ ਡਾਕਟਰ ਆਫ਼ ਓਰੀਐਂਟਲ ਲਰਨਿੰਗ' ਦੀ ਡਿਗਰੀ ਆਪ ਜੀ ਦੇ ਅੰਮ੍ਰਿਤਸਰ ਵਾਲੇ ਘਰ ਪਹੁੰਚਾਈ ਗਈ। ਕਿਉਂਕਿ ਭਾਈ ਸਾਹਿਬ ਦੀ ਸਿਹਤ ਨਾਸਾਜ ਹੋਣ ਕਰਕੇ ਉਹ ਸ਼ਿਮਲੇ ਨਹੀਂ ਸੀ ਜਾ ਸਕਦੇ।

ਇਸ ਤੋਂ ਕੁਝ ਚਿਰ ਪਿੱਛੋਂ ਪੰਜਾਬੀ ਕਦਰਦਾਨਾਂ ਨੇ ਦਿੱਲੀ ਵਿਚ ਇਕ ਸਭਾ ਬਣਾਈ। ਜਿਸਦਾ ਨਾਮ ਰੱਖਿਆ ਗਿਆ, "ਭਾਈ ਵੀਰ ਸਿੰਘ ਸਟੱਡੀ ਸਰਕਲ।"ਇਸ ਸਭਾ ਨੇ ਫੈਸਲਾ ਕੀਤਾ ਕਿ ਭਾਈ ਸਾਹਿਬ ਵੱਲੋਂ ਪੰਜਾਬੀ ਲਈ ਕੀਤੀ ਘਾਲ ਦੀ ਕਦਰ ਕਰਦਿਆਂ ਸਮੂਹ ਪੰਜਾਬੀ ਪਿਆਰਿਆਂ ਵੱਲੋਂ ਭਾਈ ਸਾਹਿਬ ਦੇ ਕਿਸੇ ਜਨਮ ਦਿਨ ਵੇਲੇ ਉਨ੍ਹਾਂ ਨੂੰ ਅਭਿਨੰਦਨ ਗ੍ਰੰਥ ਭੇਂਟ ਕੀਤਾ ਜਾਏ। ਉਸ ਦੀ ਤਿਆਰੀ ਵਾਸਤੇ ਸਰ ਤੇਜਾ ਸਿੰਘ ਮਲਕ ਦੀ ਪ੍ਰਧਾਨਗੀ ਹੇਠ ਇਕ ਅਭਿਨੰਦਨ ਗ੍ਰੰਥ ਕਮੇਟੀ ਬਣਾ ਕੇ ਗ੍ਰੰਥ ਪੂਰਾ ਕਰਨ ਦਾ ਕੰਮ ਅਰੰਭਿਆ ਗਿਆ।ਜਦੋਂ ਉਹ ਗ੍ਰੰਥ ਤਿਆਰ ਹੋ ਗਿਆ ਤਾਂ 25 ਦਸੰਬਰ 1954 ਨੂੰ ਬੰਬਈ ਵਿਚ ਹੋਈ ਸਿੱਖ ਵਿੱਦਿਅਕ ਕਾਨਫਰੰਸ ਦੇ 38ਵੇਂ ਇਜਲਾਸ ਸਮੇਂ, ਕਾਨਫਰੰਸ ਦੇ ਪ੍ਰਧਾਨ ਹਿਜ਼ ਐਕਸੀਲੈਂਸੀ ਸਰਦਾਰ ਹਰਦਿੱਤ ਸਿੰਘ ਜੀ ਮਲਕ (ਜੋ ਉਸ ਸਮੇਂ ਫਰਾਂਸ ਵਿੱਚ ਸਫੀਰ



ਸਨ) ਦੁਆਰਾ ਭਾਈ ਸਾਹਿਬ ਨੂੰ ਭੇਟ ਕੀਤਾ ਗਿਆ।ਇਸ ਦੇ ਨਾਲ ਹੀ ਆਪ ਜੀ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਵੀ ਨਾਮਜਦ ਕੀਤਾ ਗਿਆ।

ਇਸ ਸਮਾਗਮ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਸੁਰਜੀਤ ਸਿੰਘ ਮਿਨਹਾਸ ਵੀ ਸ਼ਾਮਲ ਸਨ। ਉਨ੍ਹਾਂ ਨੇ ਮੇਰਾ ਇਹ ਲੇਖ ਵਰਿਆਮ ਵਿਚ ਪੜ੍ਹ ਕੇ ਫੋਨ ਕੀਤਾ ਅਤੇ ਦੱਸਿਆ ਕਿ ਜਦੋਂ ਭਾਈ ਸਾਹਿਬ ਨੂੰ ਇਹ ਸਨਮਾਨ ਦਿੱਤਾ ਗਿਆ ਤਾਂ ਮਲਕ ਜੀ ਨੇ ਭਾਈ ਸਾਹਿਬ ਨੂੰ ਕੁਝ ਸ਼ਬਦ ਬੋਲਣ ਲਈ ਕਿਹਾ। ਤਾਂ ਭਾਈ ਸਾਹਿਬ ਨੇ ਹੱਥ ਜੋੜ ਦਿਆਂ ਜਬਾਬ ਦਿੱਤਾ ਕਿ ਪਰਮਾਤਮਾ ਨੇ ਮੈਨੂੰ ਲਿਖਣ ਦੀ ਕਲਾ ਦਿੱਤੀ ਹੈ, ਸਟੇਜ ਉਤੇ ਖੜ੍ਹ ਹੋਕੇ ਕੁਝ ਕਹਿਣ ਦੀ ਕਲਾ ਮੇਰੇ ਵਿਚ ਨਹੀਂ ਹੈ। ਜੋ ਜ਼ਰੂਰੀ ਹੈ ਤਾਂ ਮੈਂ ਆਪਣੇ ਸ਼ਬਦ ਲਿਖ ਦਿੰਦਾ ਹਾਂ ਕੋਈ ਸੱਜਣ ਪੜ੍ਹ ਦੇਵੇ। ਫਿਰ ਉਨ੍ਹਾਂ ਆਪਣੇ ਵੱਲੋਂ ਧੰਨਵਾਦੀ ਸ਼ਬਦ ਲਿਖ ਕੇ ਦਿੱਤੇ ਜੋ ਪੜ੍ਹ ਕੇ ਸੁਣਾਏ ਗਏ।

ਅਕਤੂਬਰ 1956 ਨੂੰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਜੀ ਵੱਲੋਂ ਆਪ ਨੂੰ 'ਪਦਮ ਭੂਸ਼ਨ' ਦਾ ਸਨਮਾਨ ਦਿੱਤਾ ਗਿਆ।

ਭਾਈ ਵੀਰ ਸਿੰਘ ਨੇ ਸਿਰਫ ਸਾਹਿਤ ਰਚਨਾ ਹੀ ਨਹੀਂ ਕੀਤੀ, ਉਨ੍ਹਾਂ ਦੇ ਕਈ ਸੰਸਥਾਵਾਂ ਨੂੰ ਵੀ ਜੀਵਨ ਦਿੱਤਾ। ਉਨ੍ਹਾਂ ਨੇ ਚੀਫ਼ ਖਾਲਸਾ ਦਿਵਾਨ ਦਾ ਮੁੱਢ ਬੰਨਿਆ। ਖਾਲਸਾ ਕਾਲਜ ਅੰਮ੍ਰਿਤਸਰ, ਸੈਂਟਰਲ ਸਿੱਖ ਅਨਾਥਾਲਿਆ, ਸੂਰਮਾ ਸਿੰਘ ਆਸ਼ਰਮ, ਹੋਮਿਓ ਪੈਥਿਕ ਹਸਪਤਾਲ ਵਗੈਰਾ ਆਪ ਜੀ ਦੇ ਉਦਮ ਨਾਲ ਹੀ ਪੈਰਾਂ ਸਿਰ ਹੋਏ। ਇਨ੍ਹਾਂ ਦੀ ਸਹਾਇਤਾ ਲਈ ਟਰੱਸਟ ਵੀ ਬਣਾਏ ਗਏ। ਇਨ੍ਹਾਂ ਦੀ ਚੜ੍ਹਦੀ ਕਲਾ ਰੱਖਣ ਲਈ ਆਪਨੇ ਦਿਨ ਰਾਤ ਮਿਹਨਤ ਕਰਦਿਆਂ ਨੀਂਦ ਅਤੇ ਭੁੱਖ ਦੀ ਪਰਵਾਹ ਵੀ ਨਹੀਂ ਕੀਤੀ। ਜਿਸਦਾ ਨਤੀਜਾ ਇਹ ਹੋਇਆ ਕਿ ਆਪਦੀ ਸਿਹਤ ਕਮਜੋਰ ਹੋਣ ਲਗ ਪਈ। ਭਾਈ ਸਾਹਿਬ ਕਮਜੋਰੀ ਦੀ ਪਰਵਾਹ ਨਾ ਕਰਦੇ ਹੋਏ ਜ਼ਰੂਰੀ ਕੰਮ ਨੂੰ ਨੇਪਰੇ ਚਾੜ੍ਹਣ ਵਿੱਚ ਲੱਗੇ ਰਹਿੰਦੇ।

ਫਿਰ ਇਕ ਦਿਨ ਪਤਾ ਲਗਾ ਕਿ ਸਖ਼ਤ ਮਿਹਨਤ ਨਾਲ ਸਰੀਰ ਦੇ ਸਾਰੇ ਪੱਠੇ ਥੱਕ ਗਏ ਹਨ। ਪਰਿਵਾਰ ਵੱਲੋਂ ਆਪ ਨੂੰ ਅਰਾਮ ਕਰਨ ਲਈ ਕਸੋਲੀ ਲੈ ਜਾਣ ਦੀ ਤਿਆਰੀ ਹੋਣ ਲਗੀ।

ਡਾਕਟਰ ਭਾਈ ਬਲਬੀਰ ਸਿੰਘ ਹੋਰ ਮਾਹਰ ਡਾਕਟਰਾਂ ਨਾਲ ਮਸ਼ਵਰਾ ਕਰਕੇ ਆਪ ਦਾ ਦਵਾ ਦਾਰੂ ਕਰ ਰਹੇ ਸਨ। ਆਪ ਬਹੁਤਾ ਸਮਾਂ ਸਿਮਰਨ ਵਿਚ ਲਗੇ ਰਹਿੰਦੇ। ਸਭ ਕੁਝ ਹੋਣ ਦੇ ਬਾਵਜੂਦ ਕਮਜੋਰੀ ਦੂਰ ਨਹੀਂ ਸੀ ਹੋ ਰਹੀ। ਕੋਈ ਵੀ ਯਤਨ ਕਾਮਯਾਬ ਨਾ ਹੋ ਸਕਿਆ। ਆਖਰ ਆਪ 10 ਜੂਨ 1957 ਨੂੰ ਸਾਰਿਆਂ ਨੂੰ ਫਤਿਹ ਕਹਿ ਕੇ ਇਸ ਦੁਨੀਆਂ ਤੋਂ ਤੁਰ ਗਏ। ਉਸੇ ਸ਼ਾਮ ਹੀ ਆਪ ਜੀ ਦਾ ਸਸਕਾਰ ਕੋਠੀ ਦੇ ਬਾਗ ਵਿਚ ਕਰ ਦਿੱਤਾ ਗਿਆ। ਬਾਗ ਵਿਚ ਸਸਕਾਰ ਕਰਨ ਦੀ ਆਗਿਆ ਲਿਖਤੀ ਰੂਪ ਵਿਚ ਸਬੰਧਤ ਹਾਕਮਾਂ ਕੋਲੋਂ ਲੈ ਲਈ ਗਈ ਸੀ। ◆◆◆

# ਕਹਾਣੀ

## ਅੰਨ੍ਹਾ ਖੂਹ

**ਸੁਰਿੰਦਰ ਰਾਮਪੁਰੀ**

ਦੁਲੇਕਿਆਂ ਦਾ ਕਰਨੈਲ ਚੜ੍ਹਾਈ ਕਰ ਗਿਆ, ਇਹ ਗੱਲ ਜੰਗਲ ਦੀ ਅੱਗ ਵਾਂਗ ਸਾਰੇ ਪਿੰਡ ਵਿਚ ਫੈਲ ਗਈ। ਜਰਮਨੀ ਤੋਂ ਆਏ ਨੂੰ ਅਜੇ ਦੋ ਮਹੀਨੇ ਵੀ ਨਹੀਂ ਸਨ ਹੋਏ। ਪਤਾ ਨਹੀਂ ਕੀ ਭਾਣਾ ਵਰਤ ਗਿਆ। ਇਹੋ ਜਿਹੀ ਬਿਮਾਰੀ ਲੱਗੀ, ਜਾਨ ਨਾਲ ਹੀ ਗਈ। ਲਹੂ ਦਾ ਪਾਣੀ ਬਣ ਗਿਆ।ਸਰੂ ਵਰਗਾ ਜੁਆਨ, ਕਿੱਕਰ ਦੇ ਮੋਛੇ ਵਰਗਾ ਨਰੋਇਆ, ਚੋਬਰ ਜੱਟ ਦਿਨਾਂ ਵਿਚ ਹੀ ਸੁੱਕ ਗਿਆ। ਹੱਡਾਂ ਨੂੰ ਜਿਵੇਂ ਘੁਣ ਖਾ ਗਿਆ। ਇਕ ਨਰੋਈ ਢਿਗ ਪਾਣੀ 'ਚ ਡਿੱਗ ਕੇ ਖੁਰ ਗਈ।

ਕਰਨੈਲ ਦੀ ਮਾਂ, ਭੈਣ ਅਤੇ ਪਤਨੀ ਦੇ ਕੀਰਨੇ ਸੁਣੇ ਨਹੀਂ ਸਨ ਜਾ ਰਹੇ। ਤਿੰਨ-ਚਾਰ ਸਾਲ ਦਾ ਬਾਲ ਘਰਦਿਆਂ ਨੂੰ ਰੋਂਦਿਆਂ ਦੇਖ-ਦੇਖ ਰੋਈ ਜਾ ਰਿਹਾ ਸੀ। ਕੋਈ ਅੱਖ ਨਹੀਂ ਸੀ ਜੋ ਭਰੀ ਨਾ ਹੋਵੇ।

"ਇਹੋ-ਜੀ ਅਣਹੋਣੀ ਤਾਂ ਕਿਸੇ ਨਾਲ ਨਾ ਹੋਵੇ ਭਾਈ।" "ਰੱਬ ਨੇ ਪਤਾ ਨੀਂ ਕਿਹੜੇ ਜਨਮਾਂ ਦਾ ਵੈਰ ਲਿਐ, ਜਿਹੜਾ ਇਕਲੌਤਾ ਪੁੱਤ ਜਵਾਨੀ 'ਚ ਖੋਹ ਲਿਆ।

"ਸਭ ਲੈਣ-ਦੇਣੇ ਦੇ ਸਬੰਧ ਨੇ ਭਾਈ।"

"ਬਹੂ ਤਾਂ ਵਿਲਕਦੀ ਦੇਖੀ ਨੀਂ ਜਾਂਦੀ।"

"ਅਜੇ ਤਾਂ ਕੱਲ੍ਹ ਦੀ ਕੁੜੀ ਐ ਰਾਜੋ।ਮਸਾਂ ਪੰਜ ਸਾਲ 'ਨੀਂ ਹੋਏ ਹੋਣੇ ਵਿਆਹੀ ਆਈ ਨੂੰ।

ਪਿੰਡ ਦੀਆਂ ਬੁੜੀਆਂ, ਦੁੱਖ ਵੰਡਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ।

"ਦਾਤੇ ਨੇ ਕੇਰਾਂ ਤਾਂ ਮੁੰਡੇ ਦੀ ਬਾਂਹ ਫੜ ਲਈ ਸੀ ਪਰ ਅੱਧ ਵਿਚਕਾਰ ਡੋਬਾ ਦੇ ਗਿਆ।

"ਕੁਛ ਪਤਾ ਨੀ ਲਗਦਾ ਬਈ ਉਹਦੇ ਰੰਗਾਂ ਦਾ।

ਬਜ਼ੁਰਗ ਆਪੋ ਵਿਚ ਗੱਲਾਂ ਕਰ ਰਹੇ ਸਨ।

ਜਦੋਂ ਕਰਨੈਲ ਦਸਵੀਂ ਵਿਚੋਂ ਫੇਲ੍ਹ ਹੋਇਆ ਸੀ ਤਾਂ ਉਹਦੇ ਪਿਓ ਨੇ ਹਲ ਦਾ ਮੁੰਨਾ ਫੜਾ ਦਿੱਤਾ ਸੀ। ਥੋੜੀ ਜ਼ਮੀਨ ਹੁੰਦੀ ਤਾਂ ਜੱਟ ਦੀ ਜਾਨ ਦਾ ਖੌਅ ਹੀ ਹੈ ਫਿਰ ਵੀ ਕਰਨੈਲ ਹਾਰਿਆ ਨਹੀਂ ਸੀ। ਖੇਤੀ ਵਿਚ ਬਾਪੂ ਦਾ ਹੱਥ ਵਟਾਉਂਦਾ, ਦੋ ਮੱਝਾਂ ਦਾ ਦੁੱਧ (ਡੇਅਰੀ 'ਚ ਪਾਉਂਦਾ ਅਤੇ ਕੌਡੀ ਖੇਲਣ ਦਾ ਸ਼ੌਂਕ ਵੀ ਪਾਲਦਾ। ਉਹ ਮਿੱਟੀ ਨਾਲ ਵੀ ਘੁਲਦਾ ਅਤੇ ਹਾਣੀਆਂ ਨਾਲ ਵੀ ਇਲਾਕੇ ਦੇ ਖੇਡ ਮੇਲਿਆਂ 'ਚ ਕਰਨੈਲ ਦੀ ਟੀਮ ਦੀ ਹਮੇਸ਼ਾ ਝੰਡੀ



ਰਹਿੰਦੀ। ਕਹਿੰਦੇ-ਕਹਾਉਂਦੇ ਖਿਡਾਰੀ ਉਸ ਦੀ ਪਕੜ 'ਚ ਫੜਫੜਾਉਂਦੇ ਰਹਿ ਜਾਂਦੇ੍ਹ ਗੁੱਟ ਤੋਂ ਫੜ ਅਜਿਹਾ ਪਟਕਾ ਮਾਰਦਾ ਅਗਲੇ ਦਾ ਦਮ ਟੁੱਟ ਜਾਂਦਾ। ਪਿਓ ਉਸ ਦੇ ਸ਼ੌਂਕ ਨੂੰ 'ਇੱਲਤਾਂ' ਹੀ ਦੱਸਦਾ ਪਰ ਮਾਂ ਨੇ ਕਦੇ ਵੀ ਮੁੰਡੇ ਦਾ ਘਿਓ ਨਹੀਂ ਸੀ ਮੁੱਕਣ ਦਿੱਤਾ।

ਖੇਤੀ 'ਚ ਕੁਝ ਬਣਦਾ ਨਾ ਦੇਖ ਉਸ ਨੂੰ ਆਪਣੇ ਆਪ ਤੇ ਖਿਝ ਆਉਂਦੀ। ਉਹਨੂੰ ਅੱਚਵੀਂ ਜਿਹੀ ਲੱਗੀ ਜਾਂਦੀ। ਇਹ ਅੱਚਵੀਂ ਹੋਰ ਵੀ ਵਿਕਰਾਲ ਰੂਪ ਧਾਰ ਜਾਂਦੀ ਜਦੋਂ ਉਸ ਨੂੰ ਆਪਣੇ ਆੜੀਆਂ ਦਾ ਖਿਆਲ ਆਉਂਦਾ ਜੋ ਚੰਗ ਕੰਮਾਂ- ਕਾਰਾਂ ਤੇ ਲੱਗ ਗਏ ਸਨ। ਕਰਮਜੀਤ ਬੀ. ਏ. ਕਰ ਬੈਂਕ ਵਿਚ ਲੱਗ ਗਿਆ। ਕੁਲਵਿੰਦਰ ਨੇ ਜੇ. ਬੀ. ਟੀ. ਕਰ ਲਈ, ਹੁਣ ਪਿੰਡ 'ਚ ਹੀ ਪੜ੍ਹਾਉਂਦੈ। ਹਰਜੀਤ ਨੇ ਪ੍ਰਿੰਟਿੰਗ ਪ੍ਰੈਸ ਲਾ ਲਈ। ਮਿੰਦਰ ਜਰਮਨੀ ਚਲਾ ਗਿਆ। ਉਨ੍ਹਾਂ ਵੱਲ ਵੇਖ ਉਸ ਨੂੰ ਆਪਣਾ ਆਪ ਹੀਣਾ ਜਿਹਾ ਲਗਦਾ। ਉਹ ਚਾਹੁੰਦਾ ਉਸ ਦਾ ਹੱਥ ਵੀ ਖੁਲ੍ਹਾ ਹੋਵੇ। ਉਸ ਦਾ ਜੀਅ ਕਰਦਾ ਉਹ ਵੀ ਲਿਸਕ ਪੁਸ਼ਕ ਕੇ ਰਹੇ, ਪਰ ਜ਼ਮੀਨ ਥੋੜੀ ਹੋਣ ਕਰਕੇ ਮਿੱਟੀ ਨਾਲ ਮਿੱਟੀ ਤਾਂ ਹੋਣਾ ਹੀ ਪੈਣਾ ਸੀ। ਹੱਥ ਖੁੱਲ੍ਹਾ ਤਾਂ ਕੀ ਹੋਣਾ ਸੀ ਘਰ ਦੀਆਂ ਗਰਜਾਂ ਹੀ ਸਾਹ ਨਹੀਂ ਸਨ ਲੈਣ ਦਿੰਦੀਆਂ। ਮਨ ਵਿਚ ਭੰਨਾਂ-ਘੜਤਾਂ ਕਰਦਾ ਉਹ ਉਦਾਸੀ 'ਚ ਘਿਰ ਜਾਂਦਾ। ਜਦੋਂ ਉਸਨੂੰ ਵਜ਼ੀਰਾਂ ਹੱਥੋਂ ਟਰਾਫ਼ੀਆਂ ਲੈਣ ਵਾਲੇ ਪਲ ਚੇਤੇ ਆਉਂਦੇ, ਉਸ ਦਾ ਕੱਦ-ਬੁੱਤ ਉੱਚਾ ਹੋ ਜਾਂਦਾ। ਜਦੋਂ ਘਰ ਦੀਆਂ ਤੰਗੀਆਂ ਤੁਰਸ਼ੀਆਂ 'ਚ ਘਿਰਿਆ ਆਪਣੇ ਆਪ ਨੂੰ ਬੇਵਸ ਜਿਹਾ ਮਹਿਸੂਸ ਕਰਦਾ ਤਾਂ ਉਹ ਆਪਣੀਆਂ ਨਜ਼ਰਾਂ 'ਚ ਹੀ ਬੌਣਾ ਜਿਹਾ ਹੋ ਜਾਂਦਾ। ਉਸ ਵੇਲੇ ਨੂੰ ਕੋਸਦਾ, ਜਦੋਂ ਉਸ ਦੀ ਪੜ੍ਹਾਈ ਵਿਚਾਲੇ ਹੀ ਛੁੱਟ ਗਈ ਸੀ। ਮਨ ਹੀ ਮਨ ਵਿਚ ਪਛਤਾਉਂਦਾ ਉਹ ਸੋਚਦਾ ਜੋ ਪੜ੍ਹ ਜਾਂਦਾ ਤਾਂ ਸ਼ਾਇਦ ਕੁਝ ਬਣ ਹੀ ਜਾਂਦਾ।

ਜਰਮਨੀ ਤੋਂ ਮੁੜੇ ਮਿੰਦਰ ਨਾਲ ਗੱਲਾਂ ਕਰਦਾ ਇਕ ਸ਼ਾਮ ਉਹ ਫਿੱਸ ਹੀ ਪਿਆ ਸੀ।

"ਤੂੰ ਡੁਸਕਦਾ ਕਾਹਨੂੰ ਐਂ। ਐਵੇਂ ਦਿਲ ਨੀਂ ਹੌਲਾ ਕਰੀਦਾ। ਤੂੰ ਪਾਸਪੋਰਟ ਤਾਂ ਬਣਨਾ ਦੇਹ।"ਮਿੰਦਰ ਉਸ ਦਾ ਹੁੰਗਾਰਾ ਬਣਿਆ ਸੀ।

"ਪਾਸਪੋਰਟ ਤਾਂ ਬਣ ਜੂ, ਪਰ ਜਾਣ ਜੋਗੇ ਪੈਸੇ ਕਿੱਥੋਂ ਆਉਣਗੇ।" "ਬਾਪੂ ਨੂੰ ਕਹੀਂ ਦੋ ਵਿੱਘੇ ਧਰ ਦੇਵੇ। ਮਗਰੋਂ ਛੁਡਾ ਹੀ ਲੈਣੀ ਐਂ। ਕੋਈ ਨਾ ਕੋਈ ਹੀਲਾ ਤਾਂ ਕਰਨਾ ਹੀ ਪੈਣੋਂ।"

ਜਦੋਂ ਕਰਨੈਲ ਨੇ ਬਾਪੂ ਨਾਲ ਇਹ ਗੱਲ ਕੀਤੀ ਤਾਂ ਉਹ ਅੱਗੋਂ ਉੱਖੜੀ ਕੁਹਾੜੀ ਵਾਂਗ ਪਿਆ, "ਪਹਿਲਾਂ ਕਿਹੜੀਆਂ ਮਿਲਖਾਂ ਨੇ ਆਪਣੇ ਕੋਲ, ਜਿਹੜੀ ਹੋਰ ਧਰਨ ਨੂੰ ਫਿਰਦੈਂ। ਚੁੱਪ ਕਰ ਕੇ ਕੰਮ ਕਰੀ ਜਾਹ। ਪਿਓ-ਦਾਦੇ ਖੇਤੀ ਹੀ ਕਰਦੇ ਰਹੇ ਨੇ। ਉਹ ਭੁੱਖੇ ਨੀਂ ਮਰਗੇ। ਨਾਲੇ ਤੇਰੇ ਕੱਲੇ ਜੋਗੀ ਬਥੇਰੀ ਐ। "

"ਹੁਣ ਹਮੇਸ਼ਾਂ ਪਿਓ ਦਾਦਿਆਂ ਵਾਂਗੂੰ ਹੀ ਚਲਦਾ ਰਹੂ ? 'ਕੱਲੇ ਬੰਦੇ ਦੀ ਕਾਹਦੀ ਖੇਤੀ ਐ। ਜੂਨ ਐ ਕੋਈ। ਮੈਥੋਂ ਨੀ ਹੋਰ ਭੱਠ ਝੋਕਿਆ ਜਾਂਦਾ। ਉਹ ਪਹਿਲਾਂ ਤਾਂ ਪਿਓ-

ਮੂਹਰੇ ਉੱਚੀ ਬੋਲਿਆ, ਫਿਰ ਲਿਲਕੜੀ ਜਿਹੀ ਕੱਢਦਾ, ਮਿੰਨਤ ਭਰੇ ਲਹਿਜੇ ਵਿਚ ਬੋਲਿਆ, "ਬਾਪੂ ਔਖੇ-ਸੌਖੇ ਅੱਕ ਤਾਂ ਚੱਬਣਾ ਹੀ ਪਊ।"

ਓਥੇ ਕਿਹੜਾ ਰੋਕੜਾਂ ਖਿੰਡੀਆਂ ਪਈਆਂ ਨੇ ਬਈ ਹੂੰਝ ਲਿਆਮੇਂਗਾ। ਓਥੇ ਮਜ਼ਦੂਰੀ ਕਰੇਂਗਾ।ਆਪਣੇ ਘਰ ਰਾਜਾ ਐਂ ਰਾਜਾ।' ਪਿਓ ਮੁੰਡੇ ਨੂੰ ਬਾਹਰ ਨਹੀਂ ਸੀ ਭੇਜਣਾ ਚਾਹੁੰਦਾ।

"ਇਹੋ ਜਿਹਾ ਰਾਜ ਕੀ ਕਰਨਾ ਐਂ ਚਾਚਾ।ਪਹਿਲਾਂ ਤੁਸੀਂ ਇਹਨੂੰ ਪੜ੍ਹਨੋਂ ਹਟਾ ਲਿਆ। ਹੁਣ ਬਾਹਰ ਜਾਣ ਤੋਂ ਰੋਕੀ ਜਾਨੇ ਓਂ। ਜ਼ਮੀਨ ਤਾਂ ਫਿਰ ਵੀ ਲਈ ਜਾਊ। ਵੇਲਾ ਹੱਥ ਨੀਂ ਆਉਂਦਾ ਹੁੰਦਾ, ਹੁਣ ਤਾਂ ਮੈਂ ਨਾਲ ਲਿਜਾ ਰਿਹਾਂ। ਸਾਡੀ ਕੰਪਨੀ 'ਚ ਲੋੜ ਐ ਬੰਦਿਆਂ ਦੀ। ਨਾਲੇ ਮੈਥੋਂ ਇਹਦਾ ਵਿਲੀ-ਪਾਪ ਨੀਂ ਦੇਖਿਆ ਜਾਂਦਾ।"ਮਿੰਦਰ ਨੇ ਉਸ ਦਾ ਪੱਖ ਪੂਰਿਆ। ਮਾਂ ਨੇ ਉਸਦੀ ਹਾਂਅ 'ਚ ਹਾਂਅ ਰਲਾਈ ਅਤੇ ਉਹ ਜਰਮਨੀ ਜਾ ਰਿਹਾ।

ਉਸ ਨੇ ਦਿਨ ਰਾਤ ਇਕ ਕਰਕੇ ਕੰਮ ਕੀਤਾ। ਅਠਾਰਾਂ ਅਠਾਰਾਂ ਘੰਟੇ ਮਿਹਨਤ ਕੀਤੀ। ਨਾਲ ਦਿਆਂ ਨਾਲੋਂ ਵੱਧ ਓਵਰ ਟਾਈਮ ਲਾਉਣ ਦੀ ਕੋਸ਼ਿਸ਼ ਕਰਦਾ। ਮੁੰਡਿਆਂ-ਖੁੰਡਿਆਂ ਵਾਲੀਆਂ ਆਦਤਾਂ ਤੋਂ ਹਮੇਸ਼ਾ ਬਚ ਕੇ ਰਹਿੰਦਾ।

ਪਹਿਲੀ ਵਾਰ ਉਹ ਪਿੰਡ ਮੁੜਿਆ, ਭੈਣ ਦਾ ਵਿਆਹ ਕਰਕੇ ਗਿਆ। ਦੂਸਰੀ ਵਾਰ ਆਇਆ, ਆਪਣਾ ਵਿਆਹ ਕਰਵਾਇਆ। ਉਸ ਦਾ ਬਾਪੂ ਹੁਣ ਖੁਸ਼ ਸੀ। ਮੁੰਡੇ ਨੇ ਮੇਰੀ ਕਬੀਲਦਾਰੀ ਵੀ ਨਜਿੱਠ 'ਤੀ। ਆਪਣਾ ਸਿਰ ਵੀ ਆਪ ਗੁੰਦਿਆ।

"ਬੇਬੇ ! ਭਾਬੀ ਲੜਦੀ ਤਾਂ ਨੀਂ ਤੇਰੇ ਨਾਲ।" ਇਕ ਵਾਰ ਬਚਨੀ ਨੇ ਮਾਂ ਨੂੰ ਪੁੱਛਿਆ, ਤਾਂ ਉਹ ਹੱਸਦੀ ਹੱਸਦੀ ਬੋਲੀ "ਧੀਏ ਤੂੰ ਗਈ, ਇਹ ਆ ਗਈ। ਮੈਨੂੰ ਤਾਂ ਤੇਰੇ ਵਰਗੀ ਓ ਈ ਐ।ਹੋਰ ਦੇਖਣ ਨੂੰ ਹੈ ਵੀ ਕੀ। ਸਾਰਾ ਕੰਮ ਸਾਂਭੀ ਫਿਰਦੀ ਆ। ਮੈਨੂੰ ਤਾਂ ਵਿਹਲੀ ਕਰ 'ਤਾ ਇਹਨੇ। ਦੋਵੇਂ ਵਕਤ ਗੁਰੂਦੁਵਾਰੇ ਚਲੀ ਜਾਨੀ ਆਂ। 1 ਘੜੀ ਬਿੰਦ ਬਿੱਟੂ ਨੂੰ ਚੁੱਕ ਲਊਂ। ਤੇਰਾ ਬਾਪੂ ਡੇਅਰੀ ਵਿੱਚ ਦੁੱਧ ਪਾ ਆਉਂਦੈ।ਪੱਠੇ ਲੈ ਆਉਂਦੈ। ਫਿਰ ਸਾਰਾ ਦਿਨ ਵਿਹਲਾ, ਟੋਕਾ ਵੀ ਇਹ ਆਪ ਕਰੂ, ਧਾਰਾਂ ਵੀ ਆਪ ਕੱਢੂ। ਮੈਂ ਤਾਂ ਕਹਿਨੀ ਆਂ ਘਰ ਘਰ ਆਵੇ ਇਹੋ ਜਿਹੀ। ਬਹੁਤੀਆਂ ਪੜ੍ਹਾਈਆਂ ਨੂੰ ਕੀ ਫੂਕਣੇਂ। ਨੂੰਹ ਧੀ ਹੱਥਾਂ ਦੀ ਸੁਹੱਨਰੀ ਹੋਵੇ। ਇੱਜ਼ਤ ਆਲੀ ਹੋਵੇ। ਹੋਰ ਕੀ ਲੈਣੈ। ਕਦੇ ਆਏ ਗਏ ਤੇ ਮੱਥੇ ਵੱਟ ਨੀ ਪਾਉਂਦੀ। ਭਮੀਰੀ ਵਾਂਗੂੰ ਘੁੰਮਦੀ ਫਿਰਦੀ ਐ। ਹੁਣ ਦੇਖ ਤੇਰਾ ਪ੍ਰਾਹੁਣਾ ਗੱਡੀ ਲੈ ਕੇ ਆਇਆ ਹੀ ਰਹਿੰਦੈ। ਨਹੀਂ ਅਗਲੀ ਕਹੂ, ਨਿੱਤ ਆ ਜਾਂਦੈ। ਪਰ ਮਾਂ ਦੀ ਧੀ ਨੇ ਕਦੇ 'ਨੀ ਜਤਾਇਆ। ਇਹਨੂੰ ਤਾਂ ਸਗੋਂ ਚਾਅ ਚੜ੍ਹ ਜਾਂਦੈ।ਅੱਗੇ ਪਿੱਛੇ ਭੱਜੀ ਫਿਰੂ।

ਬਚਨੀ ਦਾ ਪ੍ਰਾਹੁਣਾ ਡਰਾਈਵਰ ਹੈ। ਸ਼ਹਿਰ ਨੇੜੇ ਹੋਣ ਕਾਰਨ ਇਧਰ ਗੇੜਾ ਲਗਦਾ ਹੀ ਰਹਿੰਦਾ ਹੈ।ਬੇਬੇ ਬਾਪੂ ਨੂੰ ਮਿਲ, ਚਾਹ ਪਾਣੀ ਪੀ, ਦੁਖ ਸੁਖ ਪੁੱਛ ਚੁਬਾਰੇ ਜਾ ਚੜ੍ਹੂ।ਉਥੇ ਹੀ ਰੋਟੀ ਉਥੇ ਹੀ ਦੁੱਧ। ਸੌਣ ਲੱਗਿਆ ਤਾਂ ਉਹ ਦੁੱਧ ਪੀਂਦਾ ਵੀ ਨਹੀਂ। ਰਾਜੋ ਦੁੱਧ ਦੀ ਗੜਵੀ ਉਸ ਦੇ ਸਿਰਹਾਣੇ ਰੱਖ ਆਊ, ਜਦੋਂ ਜਾਗ ਆਉਂਦੀ ਹੈ ਪੀ ਲੈਂਦੈ। ਕਦੇ ਸਵੇਰੇ ਸਾਝਰੇ ਜਾਣਾ ਹੋਵੇ ਤਾਂ ਚਾਰ ਵਜੇ ਨੂੰ ਚਾਹ ਪਾਣੀ ਪਿਲਾ ਤੋਰ ਵੀ ਦਊਂ।



"ਭਾਬੀ ! ਵੀਰ ਬਿਨਾਂ ਚਿੱਤ ਤਾਂ ਔਖਾ ਹੀ ਲੱਗਦਾ ਹੋਊ।"ਇਕ ਦਿਨ ਬਚਨੀ ਨੇ ਆਪਣੇ ਭਰਾ ਨੂੰ ਯਾਦ ਕਰਦਿਆਂ ਭਰਜਾਈ ਨੂੰ ਛੇੜਿਆ। "ਜੀਅ ਤਾਂ ਕੁੜੇ ਆਹ ਤੇਰਾ ਭਤੀਜਾ ਹੀ ਬਥੇਰਾ ਲਾਈ ਰੱਖਦੈ। ਨਾਲੇ ਸਾਰੀ ਦਿਹਾੜੀ ਤਾਂ ਕੰਮ ਹੀ ਨਹੀਂ ਮੁੱਕਦਾ। ਪਤਾ ਹੀ ਨੀਂ ਲੱਗਦਾ ਕਦੋਂ ਦਿਨ ਚੜ੍ਹਦੈ, ਕਦੋਂ ਛਿਪ ਜਾਂਦੈ। ਰਾਤ ਨੂੰ ਥੱਕੀ ਹਾਰੀ ਨੂੰ ਨੀਂਦ ਬਥੇਰੀ ਆਉਂਦੀ ਐ।"ਫਿਰ ਕੁਝ ਰੁਕ, ਧੁਰ ਅੰਦਰੋਂ ਹਉਕਾ ਜਿਹਾ ਭਰਦੀ ਬੋਲੀ, "ਉਂ ਅੜੀਏ, ਆਪਣੇ ਆਦਮੀ ਬਿਨਾਂ ਜੀਅ ਕਾਹਨੂੰ ਲਗਦੈ। ਜਾਣੀਂ ਖੋਹ ਜਿਹੀ ਪੈਂਦੀ ਰਹਿੰਦੀ ਐ। ਉਂਜ ਸਬਰ ਤਾਂ ਕਰਨਾ ਹੀ ਪੈਂਦੈ।"ਫਿਰ ਆਪਣੇ ਆਪ ਨੂੰ ਸੰਭਾਲਦਿਆਂ ਬੋਲੀ, "ਉਹ ਕਿਹੜਾ ਸ਼ੌਂਕ ਨੂੰ ਗਿਐ। ਜੇ ਸਰਦਾ ਹੁੰਦਾ ਕਾਹਨੂੰ ਜਾਂਦਾ। ਸਾਡੇ ਪਿੱਛੇ ਹੀ ਪਰਦੇਸ਼ਾਂ 'ਚ ਰੁਲਦੈ।ਉਹ ਚਾਰ ਛਿੱਲੜ ਕਮਾ ਲਿਆਊ, ਮੁੰਡੇ ਦਾ ਕੁਝ ਬਣ ਜਾਊ। ਉਹ ਤਾਂ 'ਨੀਂ ਰੁਲੂ।"ਕੁੜੀ ਸੋਚ ਰਹੀ ਸੀ ਐਵੇਂ ਭਾਬੀ ਦਾ ਜੀਅ ਦੁਖੀ ਕੀਤੈ। ਰਾਜੋ ਆਖ ਰਹੀ ਸੀ, "ਆਪਣਾ ਕੀ ਐ। ਜੁਆਕ ਤਾਂ ਰਾਜ ਕਰੂ। "

ਪਰ ਅੱਜ, ਵਿਲਕ ਰਹੇ ਜੁਆਕ ਨੂੰ ਵਰਾਉਣ ਦੀ ਕਿਸੇ ਨੂੰ ਵੀ ਸੂਰਤ ਨਹੀਂ ਸੀ।

ਪਹਿਲੀ ਖ਼ਬਰ ਜੇ ਨ੍ਹੇਰੀ ਵਾਂਗ ਪਿੰਡ 'ਚ ਫੈਲੀ ਸੀ ਤਾਂ ਦੂਸਰੀ ਖ਼ਬਰ ਨੇ ਤੂਫ਼ਾਨ ਵਾਂਗ ਪਿੰਡ ਨੂੰ ਆਪਣੀ ਲਪੇਟ 'ਚ ਲੈ ਲਿਆ। ਹੁਣ ਹਰ ਕੋਈ ਖੌਫ਼ ਜ਼ਦਾ ਸੀ ਜਿਵੇਂ ਪਿੰਡ 'ਚ ਕੋਈ ਮਹਾਂ ਮਾਰੀ ਫੈਲ ਗਈ ਹੋਵੇ। ਹਰ ਇਕ ਦੇ ਮਨ ਵਿਚ ਸ਼ੱਕ, ਦਿਲ ਵਿਚ ਚਿੰਤਾ ਤੇ ਮੂੰਹ ਵਿਚ ਗਲਿਆਨੀ ਭਰੀ ਪਈ ਸੀ। 'ਕਰਨੈਲ ਦੀ ਮੌਤ ਏਡਜ਼ ਨਾਲ ਹੋਈ ਆ। ਡਾਕਟਰਾਂ ਦੀ ਟੀਮ ਨੇ ਉਹਨਾਂ ਦੇ ਪਰਵਾਰ ਦੇ ਸਾਰੇ ਜੀਆਂ ਦਾ ਵੀ ਖ਼ੂਨ ਟੈਸਟ ਕੀਤਾ ਹੈ।" ਹਰ ਇਕ ਦੇ ਮੂੰਹ ਤੇ ਇਹ ਹੀ ਗੱਲ ਸੀ।ਛਿਣਾਂ 'ਚ ਹੀ ਉਨ੍ਹਾਂ ਦਾ ਘਰ, ਸਾਰੇ ਪਿੰਡ ਲਈ ਬਿਗਾਨਾ ਬਣ ਗਿਆ, ਅਜਨਬੀ ਬਣ ਗਿਆ। ਘਿਰਣਾਂ ਦਾ ਕੇਂਦਰ ਬਣ ਗਿਆ। ਕੋਈ ਉਹਨਾਂ ਦੇ ਘਰ ਦੇ ਨੇੜੇ ਦੀ ਵੀ ਲੰਘਣਾ ਨਹੀਂ ਸੀ ਚਾਹੁੰਦਾ। ਵਸਦਾ-ਰੁਸਦਾ ਘਰ ਘੜੀ-ਬਿੰਦ 'ਚ ਉੱਜੜ ਗਿਆ। ਦੂਹਰੀ ਕਰੋਪੀ ਦਾ ਸ਼ਿਕਾਰ ਹੋ ਗਿਆ।ਪਹਿਲਾ ਦਰਦ ਰਤਾ ਵੀ ਘੱਟ ਨਹੀਂ ਸੀ ਹੋਇਆ, ਬੱਜਰ ਦੁੱਖ ਦਾ ਪਹਾੜ ਹੋਰ ਟੁੱਟ ਪਿਆ।

"ਇਹ ਏਡਜ਼ ਹੁੰਦੀ ਕੀ ਐ।"ਧਰਮਸ਼ਾਲਾ ਮੂਹਰੇ ਚੌਂਤਰੇ ਤੇ ਬੈਠੇ ਇਕ ਬਜ਼ੁਰਗ ਨੇ ਕਿਹਾ ਤਾਂ ਕਾਲਜ ਪੜ੍ਹਦਾ ਅਮਰੀਕ ਬੋਲ ਪਿਆ, "ਬਾਬਾ ! ਇਹ ਚੰਦਰੀ ਬਿਮਾਰੀ ਹੈ। ਇਸ ਦੇ ਮਰੀਜ਼ ਨੇ ਤਾਂ ਬੱਸ ਮਰਨਾ ਹੀ ਹੁੰਦੈ ਐ। ਇਸ ਦਾ ਕੋਈ ਇਲਾਜ ਨਹੀਂ ਲੱਭਿਆ ਅਜੇ ਨਜ਼ਾਇਜ਼ ਸਰੀਰਕ ਸੰਬੰਧਾਂ 'ਚੋਂ ਉਪਜੀ ਹੋਈ ਬਿਮਾਰੀ ਹੈ ਇਹ।""ਬਈ ਕਰਨੈਲ ਦੀ ਤਾਂ ਕਦੇ ਇਹੋ ਜਹੀ ਗੱਲ ਨਹੀਂ ਸੀ ਸੁਣੀ। ਉਹ ਤਾਂ ਕੁੜੀਆਂ ਵਰਗਾ ਮੁੰਡਾ ਸੀ। ਅੱਖ 'ਚ ਪਾਇਆ ਨਹੀਂ ਸੀ ਰੜਕਦਾ।"

"ਓਏ ਬਿਸ਼ਨ ਸਿਆਂ! ਇਸ ਮੁਡ੍ਹੀਰ ਦਾ ਕਾਹਦਾ ਇਤਬਾਰ ਐ।" ਕੋਲ ਬੈਠਾ ਸੂਬੇਦਾਰ ਅਮਰ ਸਿੰਘ ਬੋਲਿਆ। "ਨਾਲੇ ਜਿਹੜੇ ਆਹ ਖਿਡਾਰੀ ਹੁੰਦੇ ਨੇ ਇਹਨਾਂ ਦੀ ਚੜ੍ਹਾਈ ਵੀ ਵੇਖਣ ਵਾਲੀ ਹੁੰਦੀ ਹੈ, ਉਤਰਾਈ ਵੀ ਜਾਂ ਤਾਂ ਸਿਰੇ ਲੱਗ ਜਾਣਗੇ। ਕੁਝ

ਬਣ ਜਾਣਗੇ। ਜਾਂ ਫਿਰ ਜਮਾਂ ਈ ਥੱਲੇ ਗਰਕ ਜਾਣਗੇ।ਕੋਈ ਅਮਲੀ ਬਣ ਜੂ, ਕਈ ਵਿਭਚਾਰੀ, ਤੀਵੀਂ ਤਾਂ ਇਨਾਂ 'ਚੋਂ ਬਹੁਤਿਆਂ ਦੀ ਕਮਜ਼ੋਰੀ ਹੁੰਦੀ ਹੈ।"

"ਨਹੀਂ ਤਾਇਆ ।ਇਹ ਤਾਂ ਝੂਠ ਐ।ਇਹੋ ਜਿਹੀ ਤਾਂ ਕੋਈ ਗੱਲ ਨੀਂ।ਫਿਰ ਆਪਣੇ ਕਰਨੈਲ 'ਚ ਤਾਂ ਕਦੇ ਦੇਖੀ ਹੀ ਨਹੀਂ ਸੀ ਇਹੋ ਜਿਹੀ ਗੱਲ। ਧੀ-ਭੈਣ ਦੀ ਇੱਜ਼ਤ ਦਾ ਸ਼ਾਂਝੀ ਸੀ, ਮੇਰੇ ਤਾਂ ਨਾਲ ਰਿਹੈ।"ਮਿੰਦਰ ਤੋਂ ਆਪਣੇ ਮਿੱਤਰ ਦੀ ਬਦਖੋਈ ਸੁਣੀ ਨਹੀਂ ਜਾ ਰਹੀ ਸੀ।

"ਕਾਕਾ ! ਜਦੋਂ ਤੁਸੀਂ ਬਾਹਰ ਚਲੇ ਜਾਨੇ ਓਂ, ਕੁਝ ਹੋਰ ਈ ਬਣ ਜਾਨੇ ਓਂ। ਨਾਲੇ ਪਰਦੇਸ਼ਾਂ 'ਚ ਇਕੱਲੇ ਰਹਿਣਾ ਕਿਹੜਾ ਸੌਖੋਂ। ਵੀਹ ਘਤਿੱਤਾਂ ਲਗਦੀਆਂ ਨੇ। ਅਗੇ ਤਾਂ ਬੰਦਾ ਇਹੋ-ਜੇ ਐਬ ਕਰਕੇ ਛੁਪਾ ਲੈਂਦਾ ਸੀ, ਹੁਣ ਤਾਂ ਕੁਦਰਤ ਨੇ ਸਭ ਕੁਝ ਨੰਗਾ ਚਿੱਟਾ ਕਰਕੇ ਰੱਖ ਦਿੱਤਾ। "

"ਚਾਚਾ ਜਦੋਂ ਤੱਕ ਅਸਲੀਅਤ ਦਾ ਪਤਾ ਨਾ ਹੋਵੇ, ਐਵੇਂ ਕਿਸੇ ਦੀ ਨਿੰਦਿਆਂ 'ਨੀਂ ਕਰੀਦੀ। ਹੁਣ ਤਾਂ ਉਹ ਇਸ ਜਹਾਨ ਤੋਂ ਹੀ ਤੁਰ ਗਿਆ।"ਮਿੰਦਰ ਨੂੰ ਆਪਣੇ ਦੋਸਤ ਨਾਲ ਹਮਦਰਦੀ ਹੋ ਰਹੀ ਸੀ।

"ਓਏ ਲੈ ਅਸੀਂ ਤੋਰਿਐ। ਆਪਣੀਂ ਕਰਤੂਸੀਂ ਗਿਐ। ਹੁਣ ਸਾਰੀ ਦੁਨੀਆਂ ਨੂੰ ਤਾਂ ਪਤੈ ਬਈ ਇਹ ਬਿਮਾਰੀ ਬੁਰੀ ਬਹਿਬਤ ਨਾਲ ਹੁੰਦੀ ਹੈ। "

"ਹੁਣ ਪਿੰਡ ਵਿਚ ਕਰਨੈਲ ਦੀ ਮੌਤ ਦੀ ਨਹੀਂ ਸਗੋਂ ਉਸ ਬਿਮਾਰੀ ਦੀ ਚਰਚਾ ਸੀ, ਜਿਸ ਨਾਲ ਉਸ ਦੀ ਮੌਤ ਹੋਈ ਸੀ। ਜਵਾਨ ਕੁੜੀਆਂ ਆਪੋ ਵਿਚ ਘੁਸਰ ਮੁਸਰ ਕਰਦੀਆਂ ਇਸ ਬਿਮਾਰੀ ਬਾਰੇ ਇਕ-ਦੂਜੀ ਤੋਂ ਪੁਛ ਦੱਸ ਕਰਦੀਆਂ ਜਿਵੇਂ ਮਨ ਹੀ ਮਨ ਕੋਈ ਦ੍ਰਿੜ੍ਹ ਸੰਕਲਪ ਕਰ ਰਹੀਆਂ ਸਨ।

ਮਾਹੌਲ ਵਿਚ ਭੈਅ ਫੈਲਿਆ ਹੋਇਆ ਸੀ। ਹਰ ਕੋਈ ਡਰਿਆ ਹੋਇਆ ਸੀ। ਮਾਹੌਲ ਵਿਚਲੇ ਭੈਅ ਨੂੰ ਦੂਰ ਕਰਨ ਲਈ ਹੀ ਡਾਕਟਰਾਂ ਦੀ ਟੀਮ ਪਿੰਡ 'ਚ ਆਈ। ਦਰਵਾਜ਼ੇ ਇਕੱਠ ਕੀਤਾ ਗਿਆ। ਡਾਕਟਰਾਂ ਨੇ ਦੱਸਿਆ, ਡਰਨ ਦੀ ਲੋੜ ਨਹੀਂ। ਇਹ ਛੂਤ ਦੀ ਬਿਮਾਰੀ ਨਹੀਂ। ਨੇੜੇ ਜਾਣ ਨਾਲ ਤਾਂ ਇਹ ਕੀ ਹੋਣੀ ਐ, ਇਹ ਤਾਂ ਹੱਥ ਮਿਲਾਉਣ, ਗਲਵੱਕੜੀ ਪਾਉਣ ਜਾਂ ਚੁੰਮਣ ਨਾਲ ਵੀ ਨਹੀਂ ਹੁੰਦੀ। ਇਹ ਤਾਂ ਅਸੁਰੱਖਿਅਤ ਜਿਨਸੀ ਸੰਬੰਧਾਂ, ਇੰਨਜੈਕਸ਼ਨ ਨੀਡਲ ਅਤੇ ਮਰੀਜ਼ ਨੂੰ ਦਿੱਤੇ ਜਾਣ ਵਾਲੇ ਖ਼ੂਨ ਨਾਲ ਹੋ ਸਕਦੀ ਹੈ। ਇਸ ਲਈ ਇਹਨਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਤੁਸੀਂ ਪੀੜਤ ਪਰਿਵਾਰ ਨਾਲ ਘਿਰਣਾ ਕਰਕੇ, ਉਨ੍ਹਾਂ ਦੇ ਦੁੱਖ ਵਿਚ ਵਾਧਾ ਹੀ ਕਰਦੇ ਹੋ। ਸਾਨੂੰ ਉਹਨਾਂ ਦਾ ਦੁੱਖ ਵੰਡਾਉਣਾ ਚਾਹੀਦਾ ਹੈ। ਡਾਕਟਰ ਖੁਦ ਉਨ੍ਹਾਂ ਦੇ ਘਰ ਗਏ। ਹਮਦਰਦੀ ਪ੍ਰਗਟ ਕੀਤੀ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਵੀ ਖ਼ੂਨ ਟੈਸਟ ਕਰਵਾਉਣ ਦੀ ਸਲਾਹ ਦਿੱਤੀ। ਬਚਨੀ ਅਤੇ ਉਹਦੇ ਪ੍ਰਾਹੁਣੇ ਦਾ ਖ਼ੂਨ ਵੀ ਟੈਸਟ ਕਰਨ ਲਈ ਲਿਆ।

ਸ਼ਾਮ ਨੂੰ ਜਦੋਂ ਘਰ ਆਏ ਮਿੰਦਰ ਨੂੰ ਗਲ ਲਾਉਂਦਿਆਂ ਕਰਨੈਲ ਦੀ ਮਾਂ ਨੇ ਭੁੱਬ



ਮਾਰਦਿਆਂ ਕਿਹਾ "ਪੁੱਤ ਮਿੰਦਰਾ ਤੂੰ ਤਾਂ ਉਹਦੇ ਨਾਲ ਰਿਹੈਂ। ਇਹ ਬਿੱਜ ਕਿੱਧਰੋਂ ਆ ਪਈ।"ਉਦੋਂ ਮਿੰਦਰ ਤੋਂ ਵੀ ਆਪਣਾ ਆਪ ਸਾਂਭ ਨਹੀਂ ਸੀ ਹੋਇਆ। ਉਸ ਦੀਆਂ ਅੱਖਾਂ 'ਚੋਂ ਆਪ-ਮੁਹਾਰੇ ਅੱਥਰੂ ਵਗਣ ਲੱਗ ਪਏ ਸਨ। ਉਸ ਦੀਆਂ ਅੱਥਰੂ ਭਰੀਆਂ ਅੱਖਾਂ ਮੂਹਰੇ ਅਨੇਕ ਘਟਨਾਵਾਂ ਸਿਨਮੇ ਦੀ ਰੀਲ ਵਾਂਗ ਘੁੰਮਣ ਲੱਗ ਪਈਆਂ, ਪਰ ਕਿਤੇ ਵੀ ਕਰਨੈਲ ਦੀ ਅਜਿਹੀ ਤਸਵੀਰ ਨਜ਼ਰ ਨਹੀਂ ਸੀ ਆ ਰਹੀ, ਜਿਸ ਤੇ ਸ਼ੱਕ ਕੀਤਾ ਜਾ ਸਕਦਾ ਹੋਵੇ। ਉਹ 'ਤੇ ਨਿਰਮਲ ਤਾਂ ਇੱਧਰ-ਉਧਰ ਮੂੰਹ ਮਾਰ ਆਉਂਦੇ ਸਨ ਪਰ ਕਰਨੈਲ ਤਾਂ ਵਾਰ ਵਾਰ ਉਕਸਾਉਣ ਤੇ ਵੀ ਕਦੇ 'ਉੱਧਰ' ਨਹੀਂ ਸੀ ਗਿਆ। ਉਹ ਤਾਂ ਸਗੋਂ ਉਨ੍ਹਾਂ ਨੂੰ ਰੋਕਦਿਆਂ ਆਖਦਾ, "ਆਪਾਂ ਕਾਹਨੂੰ ਕਿਸੇ ਦੀ ਮਜਬੂਰੀ ਦਾ ਫਾਇਦਾ ਉਠਾਉਣੈ। ਨਾਲੇ ਆਪਾਂ ਇਥੇ ਕਮਾਈ ਕਰਨ ਆਏ ਆਂ, ਐਸ਼ਾਂ ਕਰਨ ਨਹੀਂ। ਕਾਹਨੂੰ ਖ਼ੂਨ ਪਸੀਨੇ ਦੀ ਕਮਾਈ ਰੋੜੀ ਜਾਨੇ ਓ।"ਕਦੇ ਮਿੰਦਰ ਸੋਚਦਾ ਕੀ ਪਤਾ ਲਗਦੈ ਬੰਦੇ ਦਾ। ਫਿਰ ਮਨ 'ਚ ਆਉਂਦਾ, ਪਤਾ ਕਿਉਂ ਨਹੀਂ ਲਗਦਾ। ਨਾਲ ਰਹਿੰਦੇ ਦਾ ਸਭ ਪਤਾ ਹੁੰਦੈ। ਸਭ ਭੇਤ ਸਾਂਝੇ ਹੁੰਦੇ ਨੇ। ਫਿਰ ਸੋਚਦਾ ਕੋਈ ਗਲਤ ਸੂਈ ਵੀ ਤਾਂ ਲੱਗ ਸਕਦੀ ਹੈ। ਉਹਦੇ ਮੂੰਹੋਂ ਇੰਨਾ ਹੀ ਨਿਕਲਿਆ "ਬੇਬੇ ਕੁਝ ਸਮਝ ਨੀਂ ਆਉਂਦੀ।"

ਕੁਝ ਸਮਝ 'ਨੀਂ ਆਉਂਦੀ ਰਾਜੋ ਵੀ ਤਾਂ ਇਹ ਹੀ ਸੋਚ ਰਹੀ ਸੀ। ਉਸਨੂੰ ਇਤਬਾਰ ਹੀ ਨਹੀਂ ਸੀ ਆਉਂਦਾ, ਕਰਨੈਲ ਨੂੰ ਅਜਿਹੀ ਬਿਮਾਰੀ ਲੱਗ ਸਕਦੀ ਹੈ। ਉਹ ਤਾਂ ਉਸ ਦੀ ਸੌਂਹ ਖਾ ਸਕਦੀ ਸੀ। ਫਿਰ ਸੋਚਦੀ ਕੀ ਪਤਾ ਲੱਗਦੈ ਬੰਦਾ ਕਿਸ ਘੜੀ ਥਿੜਕ ਜਾਵੇ, ਇਹ ਸੋਚ ਬੌਂਦਲੀ ਜਿਹੀ ਰਾਜੋ ਨੂੰ ਜਿਵੇਂ ਬੇਸੁਰਤ ਕਰ ਗਈ। ਬੇਸੁਰਤੀ ਜਿਹੀ ਵਿਚ ਹੀ ਉਸ ਦੇ ਮਨ 'ਚ ਆਇਆ, ਬੰਦਾ ਥਿੜਕ ਵੀ ਤਾਂ ਸਕਦਾ ਹੈ। ਕੋਈ ਅਣਹੋਣੀ ਵੀ ਤਾਂ ਹੋ ਸਕਦੀ ਹੈ। ਇਸ ਸੋਚ ਨਾਲ ਉਸ ਦਾ ਅੰਗ ਅੰਗ ਕੰਬਣ ਲੱਗ ਪਿਆ।ਉਸ ਪਲ ਦੀ ਯਾਦ ਆਉਂਦਿਆਂ ਉਸ ਦਾ ਲਹੂ ਪਾਣੀ ਬਣ ਗਿਆ, ਜਿਸ ਪਲ ਉਸ ਨਾਲ ਵੀ ਅਣਹੋਣੀ ਵਾਪਰ ਗਈ ਸੀ। ਉਸ ਨੂੰ ਲੱਗਿਆ ਜਿਵੇਂ ਲੱਖ ਲੁਕਾਉਣ ਤੇ ਵੀ ਸਾਰੇ ਭੇਤ ਖੁੱਲ੍ਹ ਗਏ ਹੋਣ। ਜਿਵੇਂ ਅਚਾਨਕ ਕਿਸੇ ਨੇ ਚੁਰੱਸਤੇ ਵਿਚ ਨੰਗੀ ਕਰ ਦਿੱਤਾ ਹੋਵੇ।"ਏਦੂੰ ਤਾਂ ਮੈਂ ਮਰ ਜਾਂਦੀ। ਮੈਂ ਹੀ ਮਰ ਜਾਂਦੀ"ਸੋਚਦੀ ਹੋਈ ਉਹ ਅੰਦਰਲੇ ਕਮਰੇ 'ਚ ਚਲੀ ਗਈ।

ਜਦੋਂ ਉਹ ਕਿੰਨੀ ਦੇਰ ਬਾਹਰ ਨਾ ਆਈ ਤਾਂ ਕਰਨੈਲ ਦੀ ਮਾਂ ਨੇ ਕੋਲ ਬੈਠੀ ਆਪਣੀ ਭਤੀਜੀ ਨੂੰ ਕਿਹਾ, "ਕੂੜੇ ਦੇਖ ਤੇਰੀ ਭਾਬੀ ਅੰਦਰ ਕੀ ਕਰਦੀ ਹੈ।" ਕੁੜੀ ਉੱਠ ਕੇ ਅੰਦਰ ਗਈ ਅਤੇ ਚੀਕ ਮਾਰਦੀ ਬੋਲੀ "ਤਾਈ ! ਭਾਬੀ ਨੇ ਦਵਾਈ ਪੀ ਲਈ।

"ਨੀਂ ਹੁਣ ਤੂੰ ਵੀ ਕਾਹਨੂੰ ਸਾਡਾ ਲੇਖਾ ਲਈ ਜਾਨੀ ਐ।"ਕਹਿੰਦਿਆਂ ਦੁਹੱਥੜ ਮਾਰਦਿਆਂ ਕਰਨੈਲ ਦੀ ਮਾਂ ਉੱਠੀ "ਅਸੀਂ ਤਾਂ ਪਹਿਲਾਂ ਹੀ ਬਥੇਰੇ ਔਖੇ ਆਂ। ਘਰ ਵਿਚ ਹਫੜਾ-ਦਫੜੀ ਪੈ ਗਈ। ਮਿੰਦਰ ਭੱਜ ਕੇ ਡਾਕਟਰ ਨੂੰ ਲੈ ਆਇਆ। ਉਸ ਸ਼ਹਿਰ ਲੈ ਜਾਣ ਦੀ ਸਲਾਹ ਦਿੱਤੀ।

ਹਸਪਤਾਲ ਵਿਚ ਰਾਜੋ ਜ਼ਿੰਦਗੀ ਅਤੇ ਮੌਤ ਨਾਲ ਘੁਲਦੀ ਰਹੀ। ਡਾਕਟਰ ਕਹਿ

ਰਿਹਾ ਸੀ, ਕੇਸ ਸੀਰੀਅਸ ਹੈ। ਜ਼ਹਿਰ ਸਾਰੇ ਸਰੀਰ ਵਿਚ ਫੈਲ ਗਿਆ।

ਰਾਜੋ ਨੂੰ ਰਤਾ ਕੁ ਸੁਰਤ ਆਈ, ਜਿਵੇਂ ਬੁਝਣ ਤੋਂ ਪਹਿਲਾਂ ਦੀਵੇ ਦੀ ਲਾਟ ਉੱਚੀ ਹੋ ਜਾਂਦੀ ਹੈ। ਰਾਜੋ ਨੇ ਅੱਖ ਪੁੱਟੀ। ਦੇਖਿਆ, ਉਸ ਦਾ ਸਹੁਰਾ ਦੋਵੇਂ ਹੱਥ ਜੋੜੀ ਖੜ੍ਹਾ ਸੀ। "ਰਾਜੋ ਤੂੰ ਮੇਰੀ ਨੂੰਹ 'ਨੀਂ, ਧੀ ਐਂ। ਸਾਡੀ ਜਿੰਨੀ ਸੇਵਾ ਤੂੰ ਕੀਤੀ ਐ। ਅਸੀਂ ਤੇਰਾ ਦੇਣ ਨੀਂ ਦੇ ਸਕਦੇ ਪਰ ਮੇਰੇ ਪੁੱਤ ਨੇ ਮੇਰੀ ਗਰਦਣ ਝੁਕਾ 'ਤੀ। ਮੈਂ ਤੇਰਾ ਗੁਨਾਹਗਾਰ ਆਂ ਧੀਏ। ਤੈਥੋਂ ਮੁਆਫੀ ਮੰਗਦਾ। ਮੇਰੇ ਪੁੱਤ ਨੇ ਤੈਨੂੰ ਮੌਤ ਦੇ ਮੂੰਹ 'ਚ ਧੱਕ ਦਿੱਤਾ। ਮੈਂ ਤਾਂ ਕਿਸੇ ਨੂੰ ਮੂੰਹ ਦਿਖਾਉਣ ਜੋਗਾ ਵੀ ਨਹੀਂ ਰਿਹਾ। ਸਾਨੂੰ ਮੁਆਫ਼ ਕਰਦੇ ਧੀਏ, ਮੁਆਫ਼ ਕਰਦੇ।÷ ਉਸ ਦੀਆਂ ਅੱਖਾਂ 'ਚੋਂ ਕਿਰਦੇ ਅੱਥਰੂ ਦਾੜ੍ਹੀ ਨੂੰ ਭਿਉਂ ਰਹੇ ਸਨ।

"ਬੱਸ ਕਰੋ ਬਾਪੂ ਜੀ ਬੱਸ ਕਰੋ। ਮੈਥੋਂ ਹੋਰ 'ਨੀਂ ਸੁਣਿਆ ਜਾਂਦਾ। ਉਹ ਧੀਮੀ ਜਿਹੀ ਆਵਾਜ਼ ਵਿਚ ਬੋਲੀ।"ਉਹ ਤਾਂ ਮੇਰਾ ਦੇਵਤਾ ਸੀ। ਮੇਰਾ ਇਸ਼ਟ। ਸਾਬਤ ਸਬੂਤਾ ਮਨੁੱਖ ਸੀ ਉਹ ਤਾਂ। ਉਹਦਾ ਨੀਂ ਕੋਈ ਕਸੂਰ÷ ਕਹਿੰਦੀ ਕਹਿੰਦੀ ਉਹ ਹਫ਼ ਗਈ "ਗੁਨਾਹਗਾਰ ਤਾਂ ਮੈਂ ਹਾਂ......

"ਹੈਂਅ !"ਪਿਉ ਹੱਕਾ-ਬੱਕਾ ਰਹਿ ਗਿਆ।

ਮਾਂ ਸੁੰਨ ਹੋ ਗਈ ਜਿਵੇਂ ਸਮਾਧੀ ਲੱਗ ਗਈ ਹੋਵੇ ।

"ਬਾਪੂ ਜੀ.."ਕਹਿੰਦਿਆਂ ਰਾਜੋ ਬੇਸੁਰਤ ਜਿਹੀ ਹੋ ਗਈ। ਬੇਸੁਰਤੀ ਦੇ ਆਲਮ ਵਿਚ ਹੀ ਉਹ ਪਲ ਹੂ-ਬ-ਹੂ ਉਸ ਦੀਆਂ ਅੱਖਾਂ ਸਾਹਮਣੇ ਸਾਕਾਰ ਹੋ ਉੱਠਿਆ, ਜਿਸ ਪਲ ਉਸ ਨਾਲ ਵੀ ਅਣਹੋਣੀ ਵਾਪਰ ਗਈ ਸੀ, ਜਿਸ ਪਲ ਬਚਨੀ ਦੇ ਪ੍ਰਾਹੁਣੇ ਦੇ ਸਿਰਹਾਣੇ ਦੁੱਧ ਰੱਖਣ ਗਈ ਨੂੰ ਉਹਨੇ ਅਚਾਨਕ ਹੀ ਧੂਹ ਕੇ ਮੰਜੇ ਤੇ ਸੁੱਟ ਲਿਆ ਸੀ। ਉਸਦੀਆਂ ਬਾਹਵਾਂ ਵਿਚ ਛਟਪਟਾਂਕੇ ਹੀ ਰਹਿ ਗਈ ਸੀ ਉਹ। ਮਿੱਟੀ ਹੀ ਬਣ ਗਈ। ਉਹ ਕੁਸਕ ਵੀ ਨਾ ਸੀ ਸਕੀ। ਨ੍ਹੇਰੀ ਆਈ। ਤੂਫ਼ਾਨ ਆਇਆ। ਪਤਾ ਨਹੀਂ ਕਿੰਨਾ ਕੁਝ ਹੂੰਝ ਕੇ ਲੈ ਗਿਆ। ਰਾਜੋ ਨੂੰ ਆਪਣੇ ਆਪ ਤੇ ਗਿਲਾਨੀ ਆਉਣ ਲੱਗੀ। ਉਹ ਸੋਚਦੀ, ਮੈਂ ਉਸ ਨੂੰ ਰੋਕ ਕਿਉਂ ਨਾ ਸਕੀ। ਚਾਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਛੁਡਾਉਣ ਦੀ ਹਿੰਮਤ ਕਿਉਂ ਨਾ ਕਰ ਸਕੀ। ਨਾ ਚਾਹੁੰਦਿਆਂ ਵੀ ਮੇਰਾ ਆਪਾਂ ਉਸ ਅੱਗੇ ਢੇਰੀ ਕਿਉਂ ਹੋ ਗਿਆ। ਕਦੇ ਉਹ ਰਿਸ਼ਤਿਆਂ ਬਾਰੇ ਸੋਚਦੀ, ਕਦੇ ਰਿਸ਼ਤਿਆਂ ਵਿਚ ਪੈ ਗਈ ਤਰੇੜ ਬਾਰੇ। ਰਿਸ਼ਤੇ ਰਹਿ ਹੀ ਕਿੱਥੇ ਗਏ। ਸਭ ਕੁਝ ਮਲੀਆਮੇਟ ਹੋ ਗਿਆ। ਮੇਰੇ ਨਾਲ ਵੀ ਧੋਖਾ ਹੋਇਆ। ਭੈਣਾਂ ਵਰਗੀ ਨਣਦ ਬਚਨੀ ਨਾਲ ਵੀ ਅਤੇ ਬਿੱਟੂ ਦੇ ਡੈਡੀ ਨਾਲ ਵੀ। ਰਾਤ ਭਰ ਉਹ ਜਵਾਰ ਭਾਟੇ ਵਿਚ ਘਿਰੀ ਇਕੋ ਗੱਲ ਸੋਚਦੀ ਰਹੀ, ਆਖਰ ਉਹ ਮਿੱਟੀ ਕਿਉਂ ਬਣ ਗਈ।

ਅਗਲੀ ਸਵੇਰ ਸਾਝਰੇ ਉੱਠ, ਉਹ ਪਹਿਲਾਂ ਨ੍ਹਾਤੀ, ਫਿਰ ਚੁੱਲ੍ਹੇ-ਚੌਕੇ ਨੂੰ ਪੋਚਾ ਮਾਰਿਆ। ਕੜਾਹ ਪ੍ਰਸ਼ਾਦ ਬਣਾਇਆ। ਪਾਠ ਕੀਤਾ ਅਤੇ ਮਨ ਨੂੰ ਮਜ਼ਬੂਤ ਰੱਖਣ ਦਾ



ਪ੍ਰਣ ਲਿਆ। ਬਚਨੀ ਦੇ ਪ੍ਰਾਹੁਣੇ ਨੂੰ ਪ੍ਰਸਾਦ ਦੀ ਕੌਲੀ ਫੜਾਉਂਦਿਆਂ ਉਸ ਨੇ ਰਾਤ ਵਾਲੀ ਗੱਲ ਨੂੰ ਬੁਰੇ ਸੁਪਨੇ ਵਾਂਗ ਭੁੱਲ ਜਾਣ ਵਾਸਤੇ ਕਿਹਾ। ਉਸ ਦੀ ਗੱਲ ਸੁਣਦਾ ਬਚਨੀ ਦਾ ਪ੍ਰਾਹੁਣਾ ਮਨ ਹੀ ਮਨ ਮੁਸਕਰਾ ਰਿਹਾ ਸੀ। ਉਹ ਤਾਂ ਕਈ ਪੱਤਣਾਂ ਦਾ ਤਾਰੂ ਹੀ। ਇਕ ਰਾਤ ਜਦੋਂ ਫਿਰ ਉਸ ਸ਼ਰਾਰਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਰਾਜੋ ਨੇ ਤੱਤੇ-ਤੱਤੇ ਦੁੱਧ ਦੀ ਗੜਵੀ ਉਸ ਦੇ ਪੱਟਾਂ 'ਤੇ ਉੱਲਟ ਦਿੱਤੀ। ਪੱਟਾਂ 'ਤੇ ਛਾਲੇ ਪੈ ਗਏ। ਰੋਣਹਾਕਾ ਹੋਇਆ ਉਹ ਮਿੰਨਤਾਂ ਕਰ ਰਿਹਾ ਸੀ "ਬੇਬੇ ਬਾਪੂ ਨੂੰ ਨਾ ਦੱਸੀਂ", ਮੈਂ ਤੇਰੇ ਪੈਰੀਂ ਪੈਨਾਂ।"ਉਸ ਦਿਨ ਤੋਂ ਬਾਅਦ ਉਹਨੇ ਕਦੇ ਵੀ ਪਿੰਡ ਰਾਤ ਨਹੀਂ ਸੀ ਕੱਟੀ। ਉਨ੍ਹਾਂ ਗੱਲਾਂ ਨੂੰ ਚਿਤਵਦਿਆਂ ਰਾਜੋ ਦਾ ਸਰੀਰ ਕੰਬਣ ਲੱਗ ਪਿਆ।

"ਰਾਜੋ !"ਉਸ ਨੂੰ ਕੰਬਦਿਆਂ ਦੇਖ, ਬਾਪੂ ਨੇ ਬੁਲਾਉਣ ਦੀ ਕੋਸ਼ਿਸ਼ ਕੀਤੀ। ਰਾਜੋ ਨੇ ਅੱਖਾਂ ਖੋਲ੍ਹੀਆਂ "ਬਾਪੂ ਜੀ ! ਬਚਨੀ ਤੇ ਉਸ ਦਾ ਪ੍ਰਾਹੁਣਾ ਕਿੱਥੇ ਨੇ.....

"ਉਹ ਤਾਂ ਉੱਦਣ ਦਾ ਹੀ ਬਚਨੀ ਨੂੰ ਲੈ ਕੇ ਪਤਾ ਨੀਂ ਕਿੱਧਰ ਮਰ ਖਪ ਗਿਆ, ਜਿੱਦਣ ਦਾ ਡਾਕਟਰਾਂ ਨੇ ਉਹਦਾ ਖੂਨ ਲਿਆ ਸੀ। ਪਤਾ ਨੀਂ ਕਿੱਧਰ ਉੱਜੜ ਗਿਆ, ਮੁੜ ਘਰ ਪੈਰ ਨੀਂ ਪਾਇਆ।

"ਹੁਣ ਉਹਨੇ ਘਰ 'ਚ ਪੈਰ ਕੀ ਪਾਉਣੈ.....ਰਾਜੋ ਦੇ ਮੂੰਹੋਂ ਨਿਕਲਿਆ।

"ਥੋਡਾ ਬੇੜਾ ਗਰਕ ਹੋ ਜਾਏ ਜੈ ਖਾਣਿਓਂ"ਕਰਨੈਲ ਦੀ ਮਾਂ ਜਿਵੇਂ ਸੁੰਨ ਸਮਾਧੀ 'ਚੋਂ ਵਾਪਿਸ ਪਰਤ ਆਈ, ਜਿਵੇਂ ਹੁਣ ਉਸ ਨੂੰ ਸਾਰੀ ਗੱਲ ਦੀ ਸਮਝ ਆ ਗਈ ਸੀ।

ਰਾਜੋ ਸੋਚ ਰਹੀ ਸੀ "ਮੈਂ ਤਾਂ ਬਥੇਰਾ ਬੋਚ ਬੋਚ ਕਦਮ ਧਰਦੀ ਸੀ। ਤਿਲਕਦੀ ਨੂੰ ਪਤਾ ਹੀ ਨਹੀਂ ਲੱਗਿਆ। ਉਸ ਦੀਆਂ ਅੱਖਾਂ 'ਚੋਂ ਝੜੀ ਵਰ ਪਈ।"ਮੈਨੂੰ ਮਰ ਜਾਣ ਦਿਓ। ਕਾਹਨੂੰ ਬਚਾਉਨੇਂ ਓਂ ਮੈਨੂੰ। ਹੁਣ ਬਚ ਵੀ ਕਿੱਥੇ ਸਕਦੀ ਹਾਂ। ਤਿਲ ਤਿਲ ਹੋ ਕੇ ਮਰਨ ਨਾਲੋਂ .....

"ਕੁੜੀਏ ਦੇਖ ਮੁੰਡਾ ਕਿਵੇਂ ਓਦਰਿਆ ਪਿਐ। ਕਰਨੈਲ ਦੇ ਬਾਪੂ ਨੇ ਗੋਦੀ ਚੁੱਕੇ ਬਿੱਟੂ ਨੂੰ ਉਸ ਵੱਲ ਝੁਕਾਇਆ। ਰਾਜੋ ਨੇ ਮੁੰਡੇ ਨੂੰ ਗਲਵੱਕੜੀ 'ਚ ਲੈਣ ਲਈ ਇਕ ਵਾਰ ਤਾਂ ਬਾਹਾਂ ਉਲਾਰੀਆਂ ਪਰ ਫਿਰ ਦੋਹਾਂ ਹੱਥਾਂ ਨਾਲ ਦੂਰ ਰਹਿਣ ਦਾ ਇਸ਼ਾਰਾ ਕਰਦੀ ਚੀਖ਼ ਪਈ।ਨਾ ਬਾਪੂ ਜੀ ਨਾ, ਇਹਨੂੰ ਮੇਰੇ ਨੇੜੇ ਨਾ ਕਰਿਓ। ਇਹਦੇ ਤੇ ਪਰਛਾਵਾਂ ਵੀ ਨਾ ਪੈਣ ਦਿਓ ਮੇਰਾ। ਮੈਂ ਇਹਦੀ ਗੁਨਾਹਗਾਰ ਹਾਂ। ਬੱਸ ਹੁਣ ਇਸਨੂੰ ...

ਉਸ ਦੀ ਆਵਾਜ਼ ਡੂੰਘੇ ਖੂਹ ਵਿੱਚੋਂ ਆ ਰਹੀ ਸੀ।

**ਪਿੰਡ ਤੇ ਡਾ. ਰਾਮਪੁਰ**

**ਜ਼ਿਲ੍ਹਾ ਲੁਧਿਆਣਾ**

**ਮੋ. 99156-34722ਅ**

◆◆◆

# ਨਾਟਕ

## ਅਸੀਂ ਜੰਗਲ ਦੇ ਜਾਏ

**(ਦੂਸਰੀ ਅਤੇ ਆਖ਼ਰੀ ਕਿਸ਼ਤ)** **-ਸੁਖਮਿੰਦਰ ਸੇਖੋਂ**

**ਹਾਥੀ** ਨਹੀਂ ਦੋਸਤੋ ! ਅਜਿਹਾ ਕੁਝ ਵੀ ਨਹੀ ਹੋਵੇਗਾ । ਮੇਰਾ ਤਜਰਬਾ ਹੈ ਚੂੰਕਿ ਮੈਂ ਤੇ ਮੇਰੇ ਹਾਥੀ-ਸਾਥੀ ਅਕਸਰ ਹੀ ਮਨੁੱਖੀਸਤਾਨ ਦੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਦਾ ਦੌਰਾ ਕਰਦੇ ਰਹਿੰਦੇ ਹਨ। ਸਾਡੇ ਵਿਚੋ ਕੁਝ ਇਕ ਦੀ ਤਾਂ ਉਥੇ ਦੇ ਬੰਦਿਆਂ ਨਾਲ ਚੰਗਾ ਖਾਸੀ ਮਿੱਤਰਤਾ ਵੀ ਹੈ ।

**ਬਾਂਦਰ** ਬਿਲਕੁਲ ਦਰੁਸਤ ਫਰਮਾਇਆ ਹਾਥੀ ਸਾਹਿਬ ਜੀ ਨੇ । ਬੇਸ਼ਕ ਮਨੁੱਖ ਸਾਨੂੰ ਰੰਗ-ਤਮਾਸ਼ਿਆਂ ਲਈ ਵਰਤਕੇ ਦੌਲਤ ਕਮਾਉਂਦਾ ਆਇਆ ਹੈ ਪਰ ਉਹ ਇਸ ਦੇ ਬਾਵਜੂਦ ਸਾਡਾ ਏਡਾ ਦੁਸ਼ਮਣ ਨਹੀ, ਕਿਸੇ ਨਾ ਕਿਸੇ ਤਰੀਕੇ ਮਿੱਤਰ ਵਾਲੀ ਭਾਵਨਾ ਹੀ ਰੱਖਦਾ ਹੈ।

**ਗਿੱਦੜ** ਵਜਾਹ ਫਰਮਾਇਆ ਨਕਲਚੀ ਬਾਂਦਰ ਜੀ! (ਸਾਰੇ ਜਣੇ ਉਚੀ ਉਚੀ ਹਸਣ ਲਗਦੇ ਹਨ)

**ਬੱਬਰ ਸ਼ੇਰ:** ਖਾਮੋਸ਼!!!

(ਸਾਰੇ ਜਣੇ ਇਕਦਮ ਚੁੱਪ ਕਰ ਜਾਂਦੇ ਹਨ।

(ਹਸਕੇ ਤੇ ਤਾੜੀ ਮਾਰਕੇ) ਮਾਹੌਲ ਨੂੰ ਹੁਣ ਥੋੜਾ ਬਦਲਿਆ ਜਾਵੇ । ਇਸ ਮਹਾਂ ਸਭਾ ਨੂੰ ਰੰਗੀਨ ਤੇ ਹੁਸੀਨ ਬਣਾਉਣ ਲਈ ਮੈਂ ਬਾਂਦਰ ਸਾਹਬ ਨੂੰ ਦਿਲੋ ਬੇਨਤੀ ਕਰਦਾ ਹਾਂ ਕਿ ਉਹ ਮੰਚ 'ਤੇ ਪਧਾਰਣ ਤੋਂ ਆਪਣੀ ਮਧੁਰ ਆਵਾਜ਼ ਵਿੱਚ ਕੋਈ ਗਾਣਾ-ਬਾਣਾ ਸੁਣਾਉਣ । ਜਨਾਬ ਬਾਂਦਰ ਜੀ-

(ਬਾਂਦਰ ਹੱਥ ਜੋੜਦਾ ਹੋਇਆ ਮੰਚ 'ਤੇ ਆਉਂਦਾ ਹੈ)

**ਬਾਂਦਰ** ਅਬ ਕਯਾ ਸੁਣਾਏਂ ਕਹੀ ਸੁਨਾਤੇ ਸੁਨਾਤੇ ਦੇਰ ਨਾ ਹੋ ਜਾਏ । ਦੇਰ ਨਾ ਹੋ ਜਾਏ, ਕਹੀਂ ਦੇਰ ਨਾ ਹੋ ਜਾਏ—ਖੈਰ! ਲੀਜੀਏ-ਨਾ ਚੁਨ ਚੁਨ ਚੁਨ ਬੁਰਾ—ਨਾ ਦੇਖ ਦੇਖ ਦੇਖ ਬੁਰਾ ਨਾ ਸੁਨ ਬੁਰਾ ਦੇਖ ਬੁਰਾ ਬੋਲ ਬੁਰਾ-

(ਬਾਦਰ ਦੀ ਤੋਤਲੀ ਜੁਬਾਨ ਦਾ ਗਾਣਾ ਸੁਣਕੇ ਸਾਰੇ ਜਣੇ ਖੁਸ਼ ਹੋਕੇ ਤਾੜੀਆਂ ਮਾਰਦੇ ਹਨ)

**ਹਾਥੀ** ਇਸੇ ਰੰਗੀਨ ਤੇ ਹੁਸੀਨ ਮਾਹੌਲ ਨੂੰ ਬਰਕਰਾਰ ਰੱਖਦਿਆਂ ਮੈਂ ਆਪਣੇ ਵੱਲੋਂ ਬੀਬਾ ਲੂੰਬੜੀ ਜੀ ਦਾ ਨਾ ਤਜਵੀਜ ਕਰਦਾ ਹਾ ਕਿਉਕਿ ਫੀ-ਮੇਲ ਨੂੰ ਵੀ ਬਰਾਬਰ ਦੀ ਪ੍ਰਤੀਨਿਧਤਾ ਮਿਲਣੀ ਚਾਹੀਦੀ ਐ । ਉਂਜ ਮੈਂ ਪਹਿਲਾਂ ਵੀ ਕਈ ਮਹਿਫਿਲਾਂ ਵਿਚ ਦੇਖਿਐ ਕਿ ਬੀਬਾ ਜੀ ਗਾਉਂਦੇ ਬੜਾ ਕਮਾਲ



ਨੇ। (ਸਾਰੇ ਜਣੇ ਬੀਬਾ ਲੂੰਬੜੀ -ਬੀਬਾ ਲੂੰਬੜੀ ਜੀ ਦੇ ਆਵਾਜੇ ਕਸਦੇ ਹਨ)

**ਬੱਬਰ ਸ਼ੇਰ** (ਹਾਂ-ਹਾਂ-ਹਾਂ) ਹਾਂ ਹਾਂ ਕਿਉ ਨੀ, ਔਣ ਦਿਓ । ਆਓ ਮੈਡਮ ਜ਼ਰਾ ਤੁਹਾਡਾ ਵੀ ਗਲਾ ਚੈਕ ਕਰੀਏ?

(ਲੂੰਬੜੀ ਸਰਮਾਉਦੀ ਹੋਈ ਮੰਚ 'ਤੇ ਹਾਜ਼ਰ ਹੁੰਦੀ ਹੈ)

**ਲੂੰਬੜੀ** ਮੈਂ ਤੋ ਕੁਛ ਭੀ ਨਹੀ ਜਾਨਤੀ, ਸਿਰਫ ਮੁਝੇ ਤੋ ਬੱਸ ਵੋਹ ਵਾਲਾ ਗਾਨਾ ਹੀ ਯਾਦ ਹੈ ਔਰ ਪਸੰਦ ਹੈ । ਲੀਜੀਏ ਧਿਆਨ ਸੇ ਸੁਨੀਏ—ਐਂ ਜੰਗਲ ਕੇ ਲੋਗ --ਜਰਾ ਆਂਖ ਮੇ ਭਰ ਲਓ ਪਾਨੀ-ਜੋ ਸ਼ਹੀਦ ਹੁਏ ਹੈ ਉਨਕੀ ਜਰਾ ਯਾਦ ਕੁਰਬਾਨੀ ।

(ਸਮੂਹ ਜਾਨਵਰ ਖਾਮੋਸ਼ੀ ਧਾਰ ਲੈਂਦੇ ਹਨ, ਪਿੱਠ ਵਰਤੀ ਸੰਗੀਤ ਨਾਲ ਮਾਹੌਲ ਬਦਲ ਜਾਂਦਾ ਹੈ)

**ਚੀਤਾ** ਬੰਦ ਕਰੋ ਇਹ ਬਕਵਾਸ ਇਹ ਅਖੌਤੀ ਦੇਸ਼ ਭਗਤੀ ਸਭ ਫਜ਼ੂਲ ਇਹ। ਮਨੁੱਖੀਸਤਾਨ ਦਾ ਖੜਾ ਕੀਤੇ ਇਕ ਢਕੋਂਸਲੇ ਤੋ ਵੱਧ ਕੇ ਕੁਝ ਵੀ ਨਹੀ। ਨਾਲੇ ਫੇਰ ਪੰਜਾਬੀ ਭਾਸ਼ਾ ਦੀ ਥਾਂ ਹਿੰਦੀ-ਸਾਨੂੰ ਕਦੇ ਵੀ ਮਨਜੂਰ ਨਹੀ । ਇਕ ਦੇਸ਼ ਇਕ ਰਾਸ਼ਟਰ ਦਾ ਫਾਰਮੂਲਾ-ਸਭ ਬਕਵਾਸ ਸਾਡੇ ਜੰਗਲ ਰਾਜ ਤੇ ਖਤਰੇ ਦੇ ਬੱਦਲ ਮੰਡਰਾ ਰਹੇ ਨੇ ਤੇ ਅਸੀ ਮਨੁੱਖਜਾਤੀ ਦੀ ਅਖੌਤੀ ਦੇਸ਼ ਭਗਤੀ ਦਾ ਰਾਗ ਅਲਾਪੀਏ? ਬੂ ਕੌੜੀ, ਹਾਂ ਜੇਕਰ ਸੁਣਾਉਣਾ ਈ ਐ ਤਾ ਕੋਈ ਬੀਰ ਰਸੀ ਗਾਥਾ ਛੇੜੋ ਸਿੰਘਾਂ ਸੂਰਮਿਆਂ ਦੀਆਂ ਵਾਰਾਂ ਸੁਣਾਓ । ਮੇਰੀ ਮੁਰਾਦ ਭਾਈ ਸ਼ੇਰ ਸਿੰਘ ਜੀ ਸ਼ੇਰ ਜੀ ਤੋਂ ਹੈ । ਮਹਾਰਾਜਾ ਸਾਹਬ ਉਨ੍ਹਾਂ ਨੂੰ ਖੁੱਲ੍ਹਾ ਟੈਮ ਦੇਣ ਤਾਂ ਕਿ ਉਹ ਸਾਡੇ ਇਰਾਦਿਆਂ ਨੂੰ ਬਲ ਬਖਸ਼ਣ । ਜੰਗਲੀਸਤਾਨ ਦੀ ਉਸਤਤ ਵਿੱਚ ਕੋਈ ਜੁਝਾਰੂ ਰਾਗ ਛੇੜਿਆ ਜਾਵੇ ।

**ਬੱਬਰ ਸ਼ੇਰ** (ਚਾਰਕੇ) ਵੈਲਕਮ ਮੇਸਟਰ ਵੈਲਕਮ-ਭਾਈ ਸ਼ੇਰ ਸਿੰਘ ਜੀ ਸ਼ੇਰ ਆਓ ਤੇ ਸੁਣਾਓ ਕੋਈ ਧੰਨ ਧੰਨ ਕਰਾਉਦਾ ਕੋਈ ਗੀਤ ਕਿਸੇ ਬੀਰ ਰਸੀ ਗਾਥਾ ਦਾ ਰਾਗਾਂ ਵਿਚ ਵਰਣਨ ਕਰ

(ਸ਼ੇਰ ਛਾਤੀ ਤਾਣਕੇ ਮੰਚ ਤੇ ਆਉਂਦਾ ਹੈ ਜੋਰਦਾਰ ਤਾੜੀਆ ਨਾਲ ਸਵਾਗਤ)

**ਸ਼ੇਰ ਸਿੰਘ:** ਮੈਨੂੰ ਕਿਸੇ ਚੀਜ਼ ਨਾਲ ਕੋਈ ਵਾਸਤਾ ਨਹੀਂ ਪਰ ਮੈਨੂੰ ਆਪਣਾ ਧਰਮ ਬਹੁਤ ਪਿਆਰਾ ਹੈ । ਇਹ ਜੋ ਧੱਕਾਸ਼ਾਹੀ ਤੇ ਗੁੰਡਾਗਰਦੀ ਦਾ ਨਿਜਾਮ ਹੈ ਇਸਨੂੰ ਅਸਾਂ ਨੇ ਜੜ੍ਹੋਂ ਪੁੱਟ ਸੁੱਟਣਾ । ਅਸੀਂ ਹਰ ਜੀਵ ਜੰਤੂ ਦੀ ਰੱਖਿਆ ਲਈ ਵਚਨਬੱਧ ਹਾਂ ਤੇ ਬਚਨਾਂ ਤੋਂ ਕਦੇ ਵੀ ਫਿਰਾਂਗੇ ਨਹੀਂ, ਲਓ ਜੀ ਫੇਰ ਸ਼ਹੀਦਾਂ ਦੀ ਆਨ-ਸ਼ਾਨ ਦੀ ਗਾਥਾ ਬਿਆਂ ਕਰਦੀ ਇਕ ਵਾਰ ਸੁਣੋ-

(ਗਾਉਂਦਾ ਹੈ) ਸਿੰਘ ਸੂਰਮੇ ਸ਼ਹੀਦ ਹੁੰਦੇ ਕੌਮ ਲਈ—ਬਈ ਸਿੰਘ ਸੂਰਮੇ (ਤਾੜੀਆਂ) ਸ਼ੇਰ ਆਪਣੇ ਅੰਦਾਜ਼ ਵਿੱਚ ਆਪਣੀ ਜਗ੍ਹਾ 'ਤੇ ਜਾ ਬਿਰਾਜਮਾਨ ਹੁੰਦਾ ਹੈ)

ਬੱਬਰ ਸ਼ੇਰ ਸਿੰਘ ਸ਼ੇਰ ਜੀ ਨੇ ਆਪਣੇ ਖਾੜਕੂ ਬੋਲ ਨਾਲ ਜੁੜੀ ਸੰਗਤ ਨੂੰ ਨਿਹਾਲ ਕੀਤਾ । ਹੁਣ ਆਪਾਂ ਆਪਣੇ ਅਸਲੀ ਮੁੱਦੇ ਵੱਲ ਫਿਰ ਪਰਤਦੇ ਹਾਂ ਕਿ ਮਨੁੱਖੀਸਤਾਨ ਦੀ ਸਰਕਾਰ ਨਾਲ ਗੱਲਬਾਤ ਲਈ ਕਿਹੜੀ ਜਾਨਵਰ-ਟੀਮ ਨੂੰ ਘੱਲਿਆ ਜਾਵੇ ।

ਚੀਤਾ ਫੇਰ ਉਹੀ ਗੱਲਬਾਤ-ਗੱਲਬਾਤ? ਅਸੀ ਗੱਲਬਾਤ ਦੇ ਬਿਲਕੁਲ ਹੱਕ 'ਚ ਨਹੀ ਹਾਂ।ਆਪਣਾ ਵਿਰੋਧ ਦਾਖਲ ਕਰਦੇ ਹਾਂ।

ਸ਼ੇਰ ਸਾਨੂੰ ਕਿਸੇ ਵੀ ਪ੍ਰਕਾਰ ਦਾ ਕੋਈ ਸਮਝੌਤਾ ਮਨਜੂਰ ਨਹੀ । ਏਨੀਆਂ ਕੀਮਤੀ ਕੁਰਬਾਨੀਆਂ ਦੇ ਕੇ ਵੀ

ਗੱਲਬਾਤ? ਨਹੀਂ ਬਿਲਕੁਲ ਨਹੀਂ । ਗੱਲਬਾਤ ਨਾਲ ਇਸ ਗੰਭੀਰ ਮਸਲੇ ਦਾ ਕੋਈ ਵੀ ਹੱਲ ਨਹੀਂ ਜੋ ਨਿਕਲਣ ਵਾਲਾ ।

ਹਾਥੀ ਸਿੰਘ ਸ਼ੇਰ ਜੀ ! ਏਨੇ ਗੁੱਸੇ ਵਿਚ ਨਾ ਆਵੋ। ਗੁੱਸਾ ਸਿਹਤ ਤੇ ਸਖਸੀਅਤ ਲਈ ਬਹੁਤ ਹਾਨੀਕਾਰਕ ਹੁੰਦਾ ਹੈ ।

ਗੈਂਡਾ ਲਗਦੈ ਹਾਥੀ ਸਾਹਿਬ ਜੀ, ਤੁਸੀਂ ਮਨੁੱਖਾਂ ਨਾਲ ਰਹਿਕੇ ਖੁਦ ਵੀ ਮਨੁੱਖ ਹੁੰਦੇ ਜਾਰਹੇ ਹੋ।ਐਸੀ ਮਨੁੱਖਤਾ ਦੀ ਥਾਂ ਕੌੜੀ

ਖਰਗੋਸ਼ ਬੱਚੇ ਮਨ ਕੇ ਸੱਚੇ--ਜੇ ਵੋ ਨੰਨ੍ਹੇ ਫੂਲ ਹੈਂ ਜੋ ਭਗਵਾਨ ਕੋ ਲਗਤੇ ਪਿਆਰੇ-ਬੱਚੇ-

ਚੀਤਾ (ਗੁੱਸੇ ਵਿਚ ਟੋਕਕੇ) ਚੁੱਪ ਕਰ ਉਏ ਜੁਆਕੜੇ ਜੇ, ਸਾਲੇ ਨੂੰ ਕੱਚਾ ਈ ਅੰਦਰ ਲੰਘਾਰ ਜੂੰਗਾ ਜੇ ਹੁਣ ਬੋਲਿਆ ਬਚਾਲੇ ਤਾ?

ਬੱਬਰ ਸ਼ੇਰ ਗੁੱਸੇ ਵਿਚ) ਚੀਤਿਆ ਮੇਰੇ ਦਰਬਾਰ ਵਿਚ ਅਜਿਹੇ ਮਾੜੇ ਅਲਫਾਜ ਵਰਤਕੇ ਤੂੰ ਆਪਣੀ ਮੌਤ ਨੂੰ ਦਾਅਵਤ ਦੇ ਰਿਹੈਂ?ਸਾਰਿਆਂ ਨੂੰ ਪਤਾ ਹੋਣਾ ਚਾਹੀਦੈ ਕਿ ਸਾਡੇ ਰਾਜ ਵਿਚ ਹਰ ਛੋਟਾ ਵੱਡਾ ਜਾਨਵਰ ਬਰਾਬਰੀ ਦਾ ਹੱਕਦਾਰ ਹੈ।ਅਸੀਂ ਸਰਬੱਤ ਦਾ ਭਲਾ ਮੰਗਣ ਵਾਲੇ ਹਾਂ।

ਲੂੰਬੜੀ ਮੈਂ ਮਹਾਰਾਜਾ ਸਾਹਿਬ ਦੇ ਹੁਕਮਾਂ ਦੀ ਡਟਵੀ ਪ੍ਰੋੜਤਾ ਕਰਦੀ ਹਾਂ ।ਧੰਨ ਓ ਮਹਾਰਾਜ

ਹਾਥੀ ਹਾਂਅ, ਬਿਲਕੁਲ ਸਹੀ ਫਰਮਾਇਆ। ਸਭ ਛੋਟੇ ਵੱਡੇ ਇਕ ਬਰੋਬਰ ਨੇ ।ਆਓ ਗੱਲਬਾਤ ਮੁਕਦੀ ਕਰੀਏ, ਸਾਨੂੰ ਮਨੁੱਖੀਸਤਾਨ ਦੀ ਸਰਕਾਰ ਨਾਲ ਗੱਲਬਾਤ ਦਾ ਰਸਤਾ ਹੀ ਅਖਤਿਆਰ ਕਰਨਾ ਪਵੇਗਾ। ਕਿਉਂਕਿ ਹਿੰਸਾ ਕਿਸੇ ਵੀ ਮਸਲੇ ਦਾ ਸਥਾਈ ਹੱਲ ਨਹੀਂ । ਇਤਿਹਾਸ ਗਵਾਹ ਹੈ ਕਿ



ਦੁਨੀਆਂ ਦੇ ਤਮਾਮ ਮੁਸਲਤਾਤ ਅਖੀਰ ਗੱਲਬਾਤ ਦੀ ਟੇਬਲ 'ਤੇ ਹੀ ਹੱਲ ਹੁੰਦੇ ਆਏ ਨੇ।

ਰਿੱਛ ਨਾਲੇ ਊਈਂ ਆਪਣੇ ਕੋਲ ਏਡੀ ਕੋਈ ਸ਼ਕਤੀ ਨਹੀਂ ਤੇ ਨਾ ਹੀ ਆਪਣੇ ਦਿਮਾਗ ਹੀ ਹਨ। ਜਦੋਂ ਕਿ ਮਨੁੱਖ ਕੋਲ ਸ਼ਕਤੀ ਵੀ ਹੈ ਤੇ ਦਿਮਾਗ ਵੀ-। ਉਹ ਦੋਨ੍ਹਾਂ ਦਾ ਇਸਤੇਮਾਲ ਕਰਕੇ ਕੋਈ ਵੀ ਪੁਆੜਾ ਪਾ ਸਕਦੇ।

ਗਿੱਦੜ ਉਹ ਆਪਣੇ ਰੌਸ਼ਨ ਦਿਮਾਗ ਤੇ ਅਥਾਹ ਸ਼ਕਤੀ ਦੇ ਜੋਰ 'ਤੇ ਸਾਡੇ ਸਾਰੇ ਜੀਵ ਜੰਤੂਆਂ ਦਾ ਵਿਨਾਸ਼ ਕਰ ਸਕਦਾ ਹੈ ਤੇ ਜੰਗਲ ਨੂੰ ਤਬਾਹ ਕਰ ਸਕਦਾ ਹੈ।

ਖਰਗੋਸ਼ ਸਾਡੇ ਵਰਗੇ ਨਿੱਕੇ ਨਿੱਕੇ ਜੀਵ-ਜੰਤੂਆਂ ਨੂੰ ਤਾਂ ਉਹ ਗੋਸ਼ਤ ਬਣਾਕੇ ਖਾ ਵੀ ਸਕਦਾ ਏ।

ਬੱਬਰ ਸ਼ੇਰ ਏਸੇ ਲਈ ਤਾ ਮੈਂ ਕਹਿਣੈ ਕਿ ਗੱਲਬਾਤ ਈ-

ਸ਼ੇਰ ਗੱਲਬਾਤ-ਗੱਲਬਾਤ-ਫੇਰ ਉਹੀ ਗੱਲਬਾਤ? ਮੈਂ ਦਾਅਵੇ ਨਾਲ ਆਖਦੈ ਕਿ ਗੱਲਬਾਤ ਨਾਲ ਕੋਈ ਵੀ ਹੱਲ ਨਿਕਲਣ ਵਾਲਾ ਨਹੀਂ । ਸਾਨੂੰ ਆਪਣੀ ਤਾਕਤ ਦਾ ਇਸਤੇਮਾਲ ਕਰਨਾ ਚਾਹੀਦੈ । ਇਹੀ ਸਮੇ ਦੀ ਲੋੜ ਹੈ ਵਕਤ ਦੀ ਨਜ਼ਾਕਤ ਨੂੰ ਪਛਾਣਨਾ ਚਾਹੀਦੈ। ਕਿਉਂਕਿ ਇਸ ਸਮੇਂ ਮਨੁੱਖੀਸਤਾਨ ਅਨੇਕਾ ਛੋਟੇ-ਵੱਡੇ ਮਸਲਿਆਂ ਵਿਚ ਉਲਝਿਆ ਹੋਇਆ ਹੈ। ਹਰ ਕੋਈ ਆਪੋ ਆਪਣੀ ਡੁਗਡੁਗੀ ਵਜਾ ਰਿਹਾ ਹੈ।

ਚੀਤਾ ਤੇ ਆਪਾਂ ਨੂੰ ਇਸ ਡੁਗਡੁਗੀ ਦਾ ਸੁਨਿਹਰੀ ਲਾਭ ਉਠਾਉਣਾ ਚਾਹੀਦੈ, ਦੁਸ਼ਮਣ ਤੇ ਇਕਰਾ ਹੀ ਧਾਵਾ ਬੋਲ ਦੇਣਾ ਚਾਹੀਦੈ, ਕਿਉਂਕਿ ਹੁਣ ਮਨੁੱਖ ਉਹ ਪਹਿਲਾਂ ਵਰਗਾ ਮਨੁੱਖ ਨਹੀ ਰਹਿ ਗਿਆ, ਉਹ ਸਵਾਰਥ ਤੇ ਖੁਦਗਰਜੀ ਦਾ ਪੁਤਲਾ ਮਾਤਰ ਹੈ।

ਗੈਂਡਾ ਲਾਲਚ ਤੇ ਸਵਾਰਥ ਪਿੱਛੇ ਉਹ ਕੁਝ ਵੀ ਕਰ ਸਕਦਾ ਹੈ, ਘਰੇਲੂ ਖਾਨਾਜੰਗੀ ਤੋਂ ਵੀ ਬਾਜ ਨਹੀ ਆਵੇਗਾ । ਆਪਣੇ ਮੁਲਕ ਨੂੰ ਦੂਸਰੇ ਮੁਲਕਾ ਕੋਲ ਗਿਰਵੀ ਵੀ ਰੱਖ ਸਕਦੈ । ਇਹਦੀ ਮਤਲਬਪ੍ਰਸਤੀ ਤੇ ਲਾਲਚਪੁਣੇ ਦੀ ਇਸਤੋਂ ਵੱਡੀ ਉਦਾਹਰਣ ਹੋਰ ਕੀ ਹੋ ਸਕਦੀ ਹੈ—ਕੇਵਲ ਦੋ ਚਾਰ ਸ਼ਰਾਬ ਦੀਆਂ ਬੋਤਲਾ ਪਿੱਛੇ ਆਪਣੇ ਦੇਸ਼ ਦੇ ਗੁਪਤ-ਭੇਦਾਂ ਦਾ ਸੌਦਾ

ਸ਼ੇਰ ਜਸੂਸੀ ਕਾਂਡ ਵੀ ਕਿਸੇ ਤੋ ਭੁੱਲਿਆ ਹੋਇਆ ਨਹੀ । ਪ੍ਰੰਤੂ ਹੁਣ ਤਾ ਮਨੁੱਖੀ-ਮੁਲਕ ਵਿੱਚ ਰਾਜਨੀਤਕ ਆਗੂ ਏਨੇ ਭ੍ਰਿਸ਼ਟ ਹੋ ਚੁੱਕੇ ਹਨ ਕਿ ਉਹ ਫਾਇਦੇ ਲਈ ਕਿਸੇ ਵੀ ਹੱਦ ਤੱਕ ਚਲੇ ਜਾਂਦੇ ਹਨ । ਜਾਤੀਵਾਦ ਤੇ ਫਿਰਕਾਪ੍ਰਸਤੀ ਵੀ ਇਸ ਨੂੰ ਲੈ ਡੁੱਬਣਗੇ ।ਐਸੇ ਬੇਗੈਰਤ ਬੰਦਿਆ ਦੀ ਥਾਂ ਕੌੜੀ

ਬੱਬਰ ਸ਼ੇਰ ਸੰਜੀਦਾ ਅੰਦਾਜ ਵਿੱਚ) ਹਾਂ ਇਹ ਗੱਲਾਂ ਤਾਂ ਸੋਚਣੇ ਵਿਚਾਰਣੇ ਦੀਆ

ਬਣਦੀਆਂ ਨੇ ।ਮੈਂ ਇਸ ਮਹਾ ਸਭਾ ਵਿਚ ਇਹ ਵੀ ਮਹਿਸੂਸ ਕੀਤੈ ਕਿ ਜਾਨਵਰ ਵੀ ਹੁਣ ਦਿਮਾਗ ਵਰਤਣ ਦੇ ਸਮਰੱਥ ਹੁੰਦੇ ਜਾ ਰਹੇ ਨੇ ।ਅਸੀ ਕਿਉ ਨਾ ਮਨੁੱਖੀਸਤਾਨ ਦੇ ਮਨੁੱਖਾਂ ਦੀ ਅੰਦਰਲੀ ਲੜਾਈ ਦਾ ਫਾਇਦਾ ਉਠਾਈਏ? ਜਦੋ ਸਾਡੇ ਕੋਲ ਅਨੇਕਾਂ ਪ੍ਰਕਾਰ ਦੇ ਹਰ ਨਸਲ ਤੇ ਰੰਗ ਰੂਪ ਦੇ ਜੀਵ ਨੇ, ਕਿਉ ਨਾ ਉਨ੍ਹਾਂ ਸਾਰਿਆਂ ਦੀਆਂ ਸੇਵਾਵਾਂ ਹਾਸਲ ਕੀਤੀਆਂ ਜਾਣ ਸਾਡਾ ਇਕ ਨਿੱਕਾ ਜਿੰਨਾ ਜੀਵ ਵੀ ਉਨ੍ਹਾਂ ਨੂੰ ਸਵਾ ਲੱਖ ਦਾ ਹੋ ਕੇ ਟੱਕਰ ਸਕਦਾ ਹੈ।

ਹਾਥੀ — ਪਰ ਮਹਾਰਾਜ ਜੀ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਠੰਢੇ ਦਿਮਗ ਨਾਲ ਸੋਚ ਵਿਚਾਰ ਕਰਨੀ ਹੀ ਉਚਿਤ ਹੋਵੇਗੀ ਕਿਤੇ ਲੈਣੇ ਕੇ ਦੇਣੇ ਨਾ ਪੈ ਜਾਣ ਕਿਉਂਕਿ ਮੈਂ ਮਨੁੱਖ ਜਾਤੀ ਦੀਆਂ ਹੇਰਾਫੇਰੀਆਂ, ਖੁਦਗਰਜ਼ੀਆਂ ਤੇ ਚਲਾਕੀਆਂ ਨੂੰ ਬਹੁਤ ਨੇੜਿਓਂ ਤੱਕਿਆ ਹੈ ।

ਬਾਦਰ — ਜੀ ਹਾਂ, ਮਨੁੱਖ ਏਡਾ ਬੇਈਮਾਨ ਹੋ ਚੁਕਿਐ ਕਿ ਉਸਦਾ ਵੱਸ ਚੱਲੇ ਤਾਂ ਉਹ ਰੱਬ ਜੀ ਮਹਾਰਾਜ ਨੂੰ ਵੀ ਵੇਖਣ ਵੱਟਣ ਤੋਂ ਸੰਕੋਚ ਨਾ ਕਰੇ।

ਖਰਗੋਸ਼ — ਤੇ ਵੱਟੇ ਪੈਸਿਆਂ ਦੀਆਂ ਰਿਉੜੀਆਂ ਖਰੀਦਕੇ ਖਾ ਜਾਵੇ

ਚੀਤਾ — ਚੁੱਪ ਕਰ ਉਏ ਛਟਾਂਕੀ ਦਿਆਹਰ ਵਕਤ ਤੈਨੂੰ ਜੁਆਕਾਂ ਵਾਂਗ ਖਾਣ-ਪੀਣ ਤੋਂ ਸਿਵਾ ਹੋਰ ਕੋਈ ਕੰਮ

ਬੱਬਰ ਸ਼ੇਰ — (ਗਰਜ ਕੀਤਿਆ) ਤੇ ਫੇਰ ਮੇਰੇ ਹੁਕਮਾਂ ਦੀ ਉਲੰਘਣਾ ਕਰ ਇਸ ਜੰਗਲ ਰਾਜ ਦੇ ਕਾਨੂੰਨ ਦੀ ਤੌਹੀਨ ਕਰ ਰਿਹੈਂ?

ਚੀਤਾ — ਸੌਰੀ ਮੁਆਫੀ ਚਾਹੁੰਦਾ ਹਾਂ ਮਹਾਰਾਜ ਜੀ

ਸ਼ੇਰ — ਮੈਂ ਵੀ ਚੀਤਾ ਜੀ ਵੱਲੋਂ ਮੁਆਫੀ ਚਾਹੁੰਦਾਹਾਂ।ਦਰਅਸਲ ਮਹਾਰਾਜ,ਇਨ੍ਹਾਂ ਦਾ ਵੀ ਕੋਈ ਕਸੂਰ ਨਹੀਂ ਇਹ ਆਪਣੀ ਆਦਤ ਤੋਂ ਮਜਬੂਰ ਨੇ।

ਬੱਬਰ ਸ਼ੇਰ — ਠੀਕੋ ਠੀਕੈ ਆਇੰਦਾ ਅਜਿਹੀ ਗਲਤੀ ਨੀ ਹੋਣੀ ਚਾਹੀਦੀ । ਸਾਨੂੰ ਖਰਗੋਸ਼ ਦੀ ਮਾਸੂਮੀਅਤ, ਲੂੰਬੜੀ ਦੇ ਚਤੁਰਪੁਣੇ,ਬਾਦਰ ਦੀਆਂ ਟਪੂਸੀਆਂ ਤੇ ਹਿਰਨ ਦੀ ਦੌੜ ਤੇ ਫੁਰਤੀਲੇਪਣ ਦੀ ਵੀ ਕਦਰ ਕਰਨੀ ਚਾਹੀਦੀ ਹੈ ।

ਰਿੱਛ — ਹਾਂ ਜੀ ਹਾਂ ਇਨ੍ਹਾਂ ਸਾਰਿਆਂ ਦੇ ਕੰਮਕਾਜ ਦੀ ਸਮਰੱਥਾ ਬਾਰੇ ਵੀ ਸਾਨੂੰ ਨਹੀ ਭੁੱਲਣਾ ਚਾਹੀਦਾ। ਸਾਨੂੰ ਸਾਰਿਆ ਦਾ ਬਰਾਬਰ ਸਤਿਕਾਰ ਕਰਨਾ ਚਾਹੀਦੈ।

ਚੀਤਾ — ਪਰ ਸਰਦਾਰ ਸਾਹਬ ਸਾਨੂੰ ਇਸ ਗੱਲ ਦਾ ਅਫਸੋਸ ਹੈ ਰਿਹੈ ਕਿ ਆਪ ਸਾਡੇ ਖਾੜਕੂਆ ਤੇ ਜੁਝਾਰੂਆਂ ਦੀਆਂ ਸ਼ਹਾਦਤਾਂ ਤੇ ਕੁਰਬਾਨੀਆਂ ਨੂੰ ਕਿਉਂ ਭੁੱਲ ਰਹੇ ਹੋ?



ਸ਼ੇਰ — ਆਪਨੇ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਬੱਬਰ ਸਾਹਬ ਜੀ ਕਿ ਸਾਡਾ ਵਿਰਸਾ ਕੀ ਹੈ ਸਾਡਾ ਇਤਿਹਾਸ ਸਾਡਾ ਸਭਿਆਚਾਰ ਕੀ ਹੈ? ਕਿਉਂਕਿ ਅਸੀਂ ਸਾਰੇ ਖਾੜਕੂ ਆਪ ਜਿਹੇ ਸਰਬ ਸ਼ਕਤੀਆਂ ਦੇ ਮਾਲਕ ਦੀ ਸੰਤਾਨ ਹਾਂ ।ਆਪ ਹੀ ਤਾਂ ਹਮੇਸ਼ਾ ਸਾਨੂੰ ਜੁਝਾਰੂਪੁਣੇ ਤੇ ਅਣਖ-ਆਬਰੂ ਦਾ ਸਬਕ ਪੜ੍ਹਾਉਂਦੇ ਆਏ ਹੋਂ? ਅਸੀਂ ਤੁਹਾਡੇ ਆਦਰਸ਼ਾਂ ਨੂੰ ਪਰਣਾਏ ਹਮੇਸਾ ਆਪਣੇ ਪਿਆਰੇ ਜੰਗਲਰਾਜ ਦੀ ਸਲਾਮਤੀ ਤੇ ਬੇਹਤਰੀ ਲਈ ਹਰਇਕ ਕੁਰਬਾਨੀ ਲਈ ਤਿਆਰ-ਬਰ-ਤਿਆਰ ਰਹਿੰਦੇ ਹਾਂ ।

ਗੈਂਡਾ — ਤੇ ਹੁਣ ਜਦੋਂ ਦੁਸ਼ਮਣ ਨਾਲ ਸਿੱਧੀ ਟੱਕਰ ਲੈਣ ਦਾ ਸਵਾਲ ਆਇਐ ਤਾਂ ਆਪ ਜੀ ਸਾਨੂੰ ਨਸੀਹਤ ਦੇ ਰਹੇ ਹੋ ਕਿ ਅਸੀਂ ਮਨੁੱਖੀਸਤਾਨ ਦੇ ਮਨੁੱਖਾਂ ਨਾਲ ਸਮਝੌਤਾ ਕਰ ਲਈਏ? ਕੀ ਅਸੀਂ ਬੁਜਦਿਲ ਤੇ ਡਰਪੋਕ ਬਣਕੇ ਆਪਣੇ ਹਥਿਆਰ ਸੁੱਟ ਦੇਈਏ ਤੇ ਆਪਣੇ ਮਾਣਮੱਤੇ ਇਤਿਹਾਸ ਨੂੰ ਕਲੰਕਤ ਕਰ ਦੇਈਏ?

ਬੱਬਰ ਸ਼ੇਰ — (ਦਹਾੜਕੇ) ਤੇਰੀ ਇਹ ਜੁਅਰਤ ਗੈਂਡਿਆ ਜੇ ਤੇਰੀ ਸ਼ਕਲ ਸੂਰਤ ਚੰਗੀ ਨੀ ਤਾਂ ਕਦੇ ਅਕਲ ਤੋਂ ਕੰਮ ਤਾਂ ਲੈ ਲਿਆ ਕਰ?

ਹਾਥੀ — ਮਹਾਰਾਜਾ ਸਾਹਿਬ ਇਨ੍ਹਾਂ ਮੂਰਖਾਂ ਤੇ ਅਗਿਆਨੀਆਂ ਨਾਲ ਮਗਜ਼ ਖਪਾਈ ਦਾ ਕੀ ਫਾਇਦਾ? ਸਾਨੂੰ ਸਮਝੌਤੇ ਦੀ ਦਿਸ਼ਾ ਵੱਲ ਅਮਲੀ ਤੇ ਠੋਸ ਕਦਮ ਪੁੱਟਣਾ ਚਾਹੀਦੈ,ਇਸੇ ਵਿੱਚ ਸਾਡੇ ਜੰਗਲਰਾਜ ਦੀ ਭਲਾਈ ਹੈ।

ਚੀਤਾ — ਜਿੰਨਾ ਵੱਡਾ ਸਰੀਰ ਓਨਾ ਹੀ ਕਮਅਕਲ। ਭਲਾ ਇਸ ਕਮਾਏ ਹੋਏ ਭਲਵਾਨੀ ਸਰੀਰ ਦਾ ਕੀ ਫਾਇਦਾ ਹੋਇਆ ਜੋ ਆਫਤ ਵੇਲੇ ਦੁਸ਼ਮਣ ਨਾਲ ਮੁਕਾਬਲਾ ਕਰਨ ਦੇ ਵੀ ਕੰਮ ਨਾ ਆਵੇ

ਹਾਥੀ — ਤੂੰ ਮੈਨੂੰ ਚੁਣੌਤੀ ਦੇ ਰਿਹੈ ਚੀਤਿਆ ਅੰਜਾਮ ਬਹੁਤ ਮਾੜਾ ਹੋਵੇਗਾ।

ਸ਼ੇਰ — ਕੀ ਮਾੜਾ ਹੋਵੇਗਾ ਤੇ ਕੀ ਚੰਗਾ, ਇਸਦਾ ਫੈਸਲਾ ਤਾ ਵਕਤ ਈ ਕਰੇਗਾ ਪਰ ਮੈਂ ਨਿਜੀ ਤੌਰ 'ਤੇ ਸ਼ਿੱਦਤ ਨਾਲ ਇਹ ਮਹਿਸੂਸ ਕਰਦਾ ਹਾਂ ਕਿ ਚੀਤਾ ਸਿੰਘ ਜੀ ਨੇ ਸੱਚੀਆਂ ਗੱਲਾਂ ਕੀਤੀਆਂ ਨੇ। ਸੱਚਾਈ ਬੇਸ਼ਕ ਕੌੜੀ ਹੁੰਦੀ ਐ,ਪਰ ਆਖਰ ਨੂੰ ਸੱਚ ਦੀ ਹੀ ਜਿੱਤ ਹੁੰਦੀ ਐ । ਇਸ ਲਈ ਮਹਾਰਾਜਾ ਸਨਮੁੱਖ ਮੇਰੀ ਇਹੋ ਬੇਨਤੀ ਹੈ ਕਿ ਉਹ ਜਲਦੀ ਸਾਡੇ ਵੀਰਾਂ-ਸੂਰਵੀਰਾਂ ਦੀਆਂ ਕੁਰਬਾਨੀਆਂ ਦੇ ਮੱਦੇਨਜ਼ਰ ਕੋਈ ਅੰਤਿਮ ਫੈਸਲਾ ਜਲਦੀ ਲੈਣ ਤਾਂ ਜੋ ਦੁਸ਼ਮਣ ਨੂੰ ਹਰ ਫਰੰਟ ਤੇ ਕਰਾਰੀ ਹਾਰ ਦਿੱਤੀ ਜਾ ਸਕੇ ।

ਚੀਤਾ — ਹਾਂ ਜੀ ਹਾਂ ਬੱਬਰ ਸਾਹਬ ਜੀ ਦੇ ਅਸੀਰਵਾਦ ਨਾਲ ਅਸੀਂ ਜਰੂਰ ਕਾਮਯਾਬ ਹੋਵਾਂਗੇ,ਬੱਸ ਸਾਨੂੰ ਤਾਂ ਸਿਰਫ ਉਨ੍ਹਾਂ ਦੀ ਥਾਪੀ ਚਾਹੀਦੀ ਐ, ਅਸੀਂ ਜਰੂਰ ਮੈਦਾਨ ਫਤਿਹ ਕਰਾਂਗੇ।ਰਲ ਮਿਲਕੇ ਖੇਲੋ ਸਾਰੇ—ਹਮ ਹੋਂਗੇ ਕਾਮਯਾਬ ਹਮ

ਹੋਂਗੇ ਕਾਮਯਾਬ---

( ਅੱਧੇ ਕੁ ਜਾਨਵਰ ਇਹ ਲਾਈਨਾਂ ਗੁਣਗੁਣਾਉਂਦੇ ਹਨ)

ਬੱਬਰ ਸ਼ੇਰ ਮੈਨੂੰ ਤੁਹਾਡੇ ਜਿਹੇ ਯੋਧਿਆਂ,ਮਹਾਂ-ਯੋਧਿਆਂ ਦੀ ਅਥਾਹ-ਤਾਕਤ 'ਤੇ ਪੂਰਣ ਭਰੋਸਾ ਹੈ, ਪਰ ਫਿਰ ਵੀ -

ਸ਼ੇਰ ਪਰ ਫੇਰ ਵੀ ਕੀ? ਜਨਾਬ ਜੀ ਹੁਕਮ ਦੇਣ ਵਿੱਚ ਇੰਨੀ ਢਿੱਲ-ਔਨ ਕਿਉਂ ਦਿਖਾ ਰਹੇ ਹੋ?

ਚੀਤਾ ਜਿੰਨੀ ਦੇਰੀ ਹੋਵੇਗੀ ਓਨਾ ਹੀ ਸਾਨੂੰ ਨੁਕਸਾਨ ਉਠਾਉਣਾ ਪਵੇਗਾ । ਪੈਂਦੀ ਸੱਟੇ ਹੀ ਸਾਨੂੰ ਮੈਦਾਨ ਫਤਿਹ ਕਰ ਲੈਣਾ ਚਾਹੀਦੈ-ਜੰਗਲ ਦੇ ਬਾਦਸ਼ਾਹ ਸਲਾਮਤਾਂ।

ਬੱਬਰ ਸ਼ੇਰ ਸਾਥੀਓ ਮੈਂ ਤੁਹਾਡੇ ਖਾੜਕੂ ਤੇ ਜੁਝਾਰੂ ਇਰਾਦਿਆਂ ਦੀ ਦਿਲੀ ਕਦਰ ਕਰਦਾ ਹਾਂ । ਪ੍ਰੰਤੂ ਮੈਨੂੰ ਹਰ ਨਿੱਕੇ-ਛੋਟੇ ਜੀਵ ਜੰਤੂ ਦਾ ਵੀ ਖਿਆਲ ਰੱਖਣਾ ਹੁੰਦੈ। ਕਿਤੇ ਅਜਿਹਾ ਨਾ ਹੋਵੇ ਬਲਵਾਨਾ ਤੇ ਭਲਵਾਨਾ ਦੇ ਭੇੜ 'ਚ ਇਹ ਮਾਸੂਮ ਨਾ ਕਿਤੇ ਲਪੇਟੇ ਜਾਣ

ਸ਼ੇਰ ਕੀ ਤੁਹਾਨੂੰ ਸਾਡੇ 'ਤੇ ਏਨਾ ਵੀ ਯਕੀਨ ਨਹੀਂ?ਅਸੀਂ ਆਪਣੇ ਛੋਟੇ ਭੈਣ ਭਰਾਵਾਂ ਦੀ ਰੱਖਿਆ ਲਈ ਪੂਰੇ ਵਚਨਬੱਧ ਹਾਂ ਮਹਾਰਾਜਾ ਸਾਹਬ ਦੀ ਗਰੇਟ।

ਚੀਤਾ ਅਸੀਂ ਪ੍ਰਤਿਗਿਆ ਕਰਦੇ ਹਾਂ ਕਿ ਇਨ੍ਹਾਂ ਦੀ ਸੁਰੱਖਿਆ ਲਈ ਅਸੀ ਕੋਈ ਵੀ ਕੁਰਬਾਨੀ ਦੇਣ ਤੋ ਪਿਛਾਂਹ ਨਹੀ ਹਟਾਂਗੇ। (ਪਰਦੇ ਪਿੱਛਿਓ ਭਿਆਨਕ ਆਵਾਜ਼ਾਂ ਆਉਂਦੀਆਂ ਹਨ, ਗੋਲੀਆਂ ਤੇ ਬੰਬ ਚੱਲਣ ਦੀਆਂ ਆਵਾਜ਼ਾਂ ਵੀ-ਜਿਵੇ ਕਿਸੇ ਨੇ ਜੰਗਲ ਤੇ ਹਮਲਾ ਕਰ ਦਿੱਤਾ ਹੋਵੇ ।ਸਾਰੇ ਜਾਨਵਰ ਹੈਰਾਨ-ਪਰੇਸਾਨ ਹੋਏ ਏਧਰ ਓਧਰ ਝਾਕਦੇ ਹਨ।

ਬੱਬਰ ਸ਼ੇਰ ਗੁੱਸੇ ਨਾਲ ਦਹਾੜਕੇ) ਖਾਮੋਸ਼ !!!

(ਆਵਾਜ਼ਾਂ ਇਕਦਮ ਬੰਦ ਹੋ ਜਾਂਦੀਆਂ ਹਨ)

- ਮੈਨੂੰ ਠੰਢੇ ਦਿਮਾਗ ਨਾਲ ਸੋਚਣ ਦਿਓ, ਕਿਉਂਕਿ ਮੈ ਤਾਂ ਇਕ ਰਾਜਾ ਹਾਂ, ਮੈਨੂੰ ਬਹੁਤ ਕੁਝ ਸੋਚਣਾ ਪੈਂਦੈ, ਹਰ ਢੰਗ ਤੇ ਤਰੀਕੇ ਨਾਲ ।ਮੈਂ ਵੀ ਇਹ ਮਹਿਸੂਸ ਕਰਦਾ ਹਾਂ ਕਿ ਮਨੁੱਖੀਸਤਾਨ ਵੱਲੋਂ ਕਿਸੇ ਨਾ ਕਿਸੇ ਬਹਾਨੇ ਲਗਾਤਾਰ ਸਾਡੇ ਜੰਗਲੀਸਤਾਨ 'ਤੇ ਹਮਲੇ ਕੀਤੇ ਜਾ ਰਹੇ ਹਨ ।ਸਾਡੇ ਕਿੰਨੇ ਹੀ ਜਾਨਵਰ ਹੁਣ ਤੱਕ ਸ਼ਹੀਦ ਹੋ ਚੁੱਕੇ ਹਨ ।ਉਹ ਸਰਾਰਤੀ ਅਨਸਰ ਸਾਡੇ ਘੁਰਨਿਆਂ, ਝਾੜੀਆਂ, ਬਿਰਖਾਂ ਤੇ ਬੇਲਿਆਂ ਬੂਟਿਆਂ ਨੂੰ ਨੁਕਸਾਨ ਪਹੁੰਚਾ ਰਹੇ ਹਨ ।ਹੁਣ ਮੈ ਹੌਲੀ ਹੌਲੀ ਇਸ ਨਤੀਜੇ 'ਤੇ ਅੱਪੜਿਆ ਹਾਂ ਕਿ ਦੁਸ਼ਮਣ ਦੀਆਂ ਕੋਝੀਆਂ ਚਾਲਾਂ ਦਾ ਕੋਈ ਢੁਕਵਾਂ



ਜਵਾਬ ਦੇਣਾ ਹੀ ਹੋਵੇਗਾ,ਸਾਡੇ ਕੋਲ ਹੋਰ ਕੋਈ ਰਸਤਾ ਵੀ ਨਹੀ ਰਹਿ ਗਿਆ।

(ਖਾੜਕੂ ਜਾਨਵਰ ਮਹਾਰਾਜਾ ਬੱਬਰ ਸਿੰਘ ਸ਼ੇਰ ਤੇ ਜੰਗਲੀਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਹਨ ਜਦੋਂ ਕਿ ਨਿੱਕੇ ਜਾਨਵਰ ਰਤਾ ਸਹਿਮ ਜਾਂਦੇ ਹਨ।)

ਬੱਬਰ ਸ਼ੇਰ ਨਿਰੰਤਰ ਚਿੰਤਨ ਕਰਦਿਆਂ ਕਰਦਿਆਂ ਮੈ ਸ਼ਿੱਦਤ ਨਾਲ ਇਹ ਅਨੁਭਵ ਕੀਤਾ ਹੈ ਕਿ ਅਸੀ ਜੰਗਲ ਨਿਵਾਸੀ ਰਫਤਾ ਰਫਤਾ ਸਭਿਅਕ ਹੁੰਦੇ ਜਾ ਰਹੇ ਹਾਂ ਤੇ ਮਨੁੱਖੀਸਤਾਨ ਦੇ ਸੈਤਾਨ ਲੋਗ ਖ਼ੂੰਖਾਰ ਜਾਨਵਰਾਂ ਤੋਂ ਵੀ ਕਿਤੇ ਭਿਆਨਕ ਰੂਪ ਧਾਰਣ ਕਰਦੇ ਜਾ ਰਹੇ ਹਨ ।

(ਜ਼ੋਰਦਾਰ ਤਾੜੀਆਂ—ਮਹਾਰਾਜਾ ਸਾਹਿਬ ਤੇ ਜੰਗਲ ਰਾਜ ਜ਼ਿੰਦਾਬਾਦ ਦੇ ਭਰਵੇਂ ਨਾਅਰੇ)

- ਸੋ ਏਸ ਲਈ ਪਿਆਰੇ ਸਾਥੀਓ! ਸਾਨੂੰ ਹੁਣ ਆਪਣੇ ਜੰਗਾਲ ਖਾਧੇ ਦਿਮਾਗਾਂ ਦੇ ਕਿਵਾੜ ਖੋਲ੍ਹਕੇ ਦੂਰ ਅੰਦੇਸੀ ਨਾਲ ਸੋਚਣਾ ਹੋਵੇਗਾ ਅਤੇ ਸਾਡੇ ਦੇਸ ਤੇ ਸਾਡੀਆਂ ਵਿਭਿੰਨ ਪ੍ਰਕਾਰ ਦੀਆਂ ਘੱਟ ਗਿਣਤੀ ਕੌਮਾਂ ਨੂੰ ਬਚਾਉਣ ਲਈ ਜਿਤਨੀ ਜਲਦੀ ਹੋ ਸਕੇ--

(ਪਿੱਠਵਰਤੀ ਦੌੜਣ-ਭੱਜਣ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ । ਦਰੱਖਤਾਂ, ਝਾੜੀਆਂ ਤੇ ਪੱਤਿਆਂ ਦੀ ਖੜਖੜ ਹੁੰਦੀ ਹੈ । ਬੰਦਿਆਂ ਦੀਆਂ ਜਾਨਵਰ-ਨੁਮਾ ਆਵਾਜ਼ਾਂ ਦਾ ਸ਼ੋਰ ਵੀ । ਸਾਰੇ ਜਣੇ ਚੁਕੰਨੇ ਹੋ ਜਾਂਦੇ ਹਨ।)

ਬੱਬਰ ਸ਼ੇਰ ਮੈਨੂੰ ਪੂਰਾ ਅੰਦੇਸਾ ਹੈ ਕਿ ਮਨੁੱਖੀਸਤਾਨ ਦੇ ਕੁਝ ਸੈਤਾਨ ਸਾਡੇ ਜੰਗਲ ਰਾਜ ਵਿਚ ਪ੍ਰਵੇਸ਼ ਕਰ ਗਏ ਹਨ, ਇਸ ਲਈ ਸਾਰੇ ਜਣੇ ਆਪੋ ਆਪਣੀਆਂ ਪੁਜੀਸਨਾ ਸੰਭਾਲ ਲਵੋ ।ਹਰਇਕ ਤਰ੍ਹਾਂ ਦੇ ਹਮਲੇ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇ ।

(ਮੰਚ 'ਤੇ ਭਗਦੜ ਮੱਚ ਜਾਂਦੀ ਹੈ । ਜਿਸ ਤਰ੍ਹਾਂ ਕੋਈ ਯੁੱਧ ਹੋਣ ਜਾ ਰਿਹਾ ਹੋਵੇ । ਰੰਗ ਬਰੰਗੀਆਂ ਰੌਸ਼ਨੀਆਂ ਦੀ ਬੁੱਝ-ਮੱਚ ਹੁੰਦੀ ਹੈ । ਇਹ ਕਾਰਜ ਲਗਭਗ ਡੇਢ-ਦੋ ਮਿੰਟ ਚਲਦਾ ਹੈ) ।

(ਬੱਬਰ ਸ਼ੇਰ ਦਾ ਦਰਬਾਰ ਲੱਗਾ ਹੋਇਆ ਹੈ । ਦੋ ਨੌਜਵਾਨਾਂ ਨੂੰ ਬੰਦੀ ਬਣਾਇਆ ਹੋਇਆ ਹੈ । ਮਨੁੱਖੀਸਤਾਨ ਦੇ ਇਨਸਾਨੋ! ਸੱਚੋ ਸੱਚ ਇਹ ਬਿਆਂ ਕਰੋ ਕਿ ਤੁਸੀਂ ਸਾਡੇ ਜੰਗਲ ਰਾਜ ਵਿਚ ਕੀ ਸੈਤਾਨੀਅਤ ਕਰਨ ਆਏ ਸੀ? ਤੁਹਾਡਾ ਕੀ ਮੰਤਵ,ਕੀ ਮਕਸਦ ਹੈ? ਤੁਹਾਡੇ ਕੀ ਇਰਾਦੇ ਹਨ? ਸਪਸ਼ਟ ਕੀਤਾ ਜਾਵੇ ।

ਆਦਮੀ-1 (ਛਾਤੀ ਤਾਣਕੇ) ਸਾਡੇ ਇਰਾਦੇ ਤਾਂ ਹਮੇਸ਼ਾ ਨੇਕ ਹੀ ਰਹੇ ਹਨ, ਇਹ ਤਾਂ ਸਾਡੀ ਬਦਕਿਸਮਤੀ ਸੁਣੋ ਕਿ ਅਸੀਂ ਤੁਹਾਡੇ ਹੱਥ ਆ ਗਏ ਤੇ ਤੁਸਾਂ ਸਾਨੂੰ ਬੰਦੀ ਬਣਾ ਲਿਆ ।

ਆਦਮੀ-2 (ਮਾਣ ਨਾਲ ਸਾਡੇ ਨੇਕ-ਇਰਾਦਿਆਂ ਦੇ ਕਾਫਲੇ ਵਿਚ ਹਾਲੇ ਬਹੁਤ ਘੱਟ ਲੋਕ ਸ਼ਾਮਿਲ ਹਨ,ਪਰ ਸਾਨੂੰ ਪੂਰਨ-ਉਮੀਦ ਹੈ ਕਿ ਹੌਲੀ ਹੌਲੀ ਅਸੀ ਕਾਮਯਾਬ ਹੋ ਜਾਵਾਂਗੇ।

ਬੱਬਰ ਸ਼ੇਰ(ਹੈਰਾਨ ਹੋਕੇ) ਹੈਂ ! ਤੁਸੀ ਘੱਟ ਗਿਣਤੀ ਵਿਚ ਹੋ? ਜਦੋਂ ਕਿ ਮਨੁੱਖੀਸਤਾਨ ਤਾਂ ਬਹੁਤ ਵੱਡਾ ਦੇਸ਼ ਹੈ। ਤੁਹਾਡੇ ਕੋਲ ਢੇਰ ਸਾਰੀ ਪੁਲਸ ਤੇ ਫੌਜ ਹੈ । ਫੇਰ ਤੁਸੀਂ ਲੋਕ ਇਹ ਕਿਵੇ ਕਹਿ ਦਿੱਤਾ ਕਿ ਤੁਸੀ ਬਹੁਤ ਥੋੜੀ ਗਿਣਤੀ ਵਿਚ?

ਆਦਮੀ-1 ਜੰਗਲੀਸਤਾਨ ਦੇ ਮਹਾਰਾਜ ਜੋ ਆਪ ਸਮਝ ਰਹੇ ਹੋ ਅਸੀ ਉਹ ਨਹੀ ਹਾਂ। ਸਾਡਾ ਮਨੁੱਖੀਸਤਾਨ ਦੀ ਸਰਕਾਰ ਨਾਲ ਕੋਈ ਸਰੋਕਾਰ ਨਹੀਂ।

ਆਦਮੀ-2 ਉਥੋਂ ਦੀ ਸਰਕਾਰ ਹੀ ਤਾਂ ਸਾਡੀ ਸਭ ਤੋਂ ਵੱਡੀ ਦੁਸ਼ਮਣ ਹੈ । ਉਥੇ ਦੀਆਂ ਫਿਰਕੂ ਤੇ ਗੈਰ- ਸਮਾਜੀ ਤਾਕਤਾ ਵੀ ਸਾਡੀਆਂ ਕੱਟੜ ਵਿਰੋਧੀ ਹਨ।

ਬੱਬਰ ਸ਼ੇਰ ਕੀ ਤੁਸੀਂ ਬਿਲਕੁਲ ਸੱਚ ਬੋਲ ਰਹੇ ਹੋ ਮਨੁੱਖੀਸਤਾਨ ਦੇ ਬੰਦਿਓ?

ਦੋਨੋਂ ਆਦਮੀ ਹਾਂ-ਹਾਂ ਬਿਲਕੁਲ ਸੱਚ, ਸੱਚਾਈ ਹੀ ਸਾਡਾ ਧਰਮ ਹੈ ।

ਚੀਤਾ ਬੱਬਰ ਸਾਹਬ ! ਇਨ੍ਹਾਂ 'ਤੇ ਇਤਬਾਰ ਨਾ ਕਰਨਾ ਇਹ ਮੈਨੂੰ ਬਹੁਤ ਚਾਲਾਕ ਕਿਸਮਤ ਦੇ ਆਦਮੀ ਲਗਦੇ ਨੇ।

ਸ਼ੇਰ ਇਹ ਮਨੁੱਖ ਜਾਤੀ ਡੰਡੇ ਦੀ ਪੀਰ ਹੈ । ਮੈਨੂੰ ਹੁਕਮ ਕਰ ਮੈ ਆਪਣੇ ਪੰਜੇ ਦੇ ਜ਼ੋਰ 'ਤੇ ਇਨ੍ਹਾਂ ਤੋਂ ਸੱਚ ਉਗਲਵਾ ਲਵਾਂਗਾ।

ਗੈਂਡਾ ਇਹੋ ਠੀਕ ਰਹੇਗਾ, ਪਿਆਰ ਨਾਲ ਤਾਂ ਇਨ੍ਹਾ ਨੇ ਇਕ ਵੀ ਸ਼ਬਦ ਨਹੀ ਜੇ ਮੂਹੋ ਕੱਢਣਾ ।

ਹਾਥੀ ਮਹਾਰਾਜ ! ਇਨ੍ਹਾਂ ਤੱਤੀ-ਅਕਲ ਵਾਲਿਆਂ ਦੇ ਮਗਰ ਨਾ ਲੱਗਣਾ । ਗੱਲਬਾਤ ਰਾਹੀ ਅਸੀ ਜਰੂਰ ਇਨ੍ਹਾਂ ਦਾ ਭੇਦ ਜਾਣ ਲਵਾਂਗੇ।

ਲੂੰਬੜੀ ਮੈਂ ਹਾਥੀ ਸਾਹਿਬ ਦੇ ਬੋਲਾਂ ਦੀ ਤਾਈਦ ਕਰਦੀ ਆਂ ਜੀ,

ਰਿੱਛ ਮੈਂ ਵੀ ਸਹਿਮਤੀ ਪ੍ਰਗਟ ਕਰਦਾ ਹਾਂ ।

ਗਿੱਦੜ ਹਾਂ ਜੀ ਮਹਾਰਾਜਾ ਸਾਹਿਬ, ਸਾਨੂੰ ਪਿਆਰ-ਮੁਹੱਬਤ ਤੋ ਕੰਮ ਲੈਣਾ ਚਾਹੀਦੈ ॥

ਖਰਗੋਸ਼ ਪਿਆਰ-ਮੁਹੱਬਤ ਹੀ ਜਾਨਵਰਾਂ ਦਾ ਗਹਿਣਾ ਹੁੰਦੈ ।ਅਸੀਂ ਮਨੁੱਖਾਂ ਵਾਂਗ ਕਦੇ ਵੀ ਅਤਿਆਚਾਰੀ ਨਹੀ ਹੋ ਸਕਦੇ।

ਹਿਰਨ ਜਿਵੇਂ ਗੁਰਾਂ ਨੇ ਫਰਮਾਇਐ-ਸਹਿਜ, ਸਬਰ ਤੇ ਸੰਤੋਖ । ਜੇ ਅਸੀ ਇਨ੍ਹਾਂ ਸ਼ਬਦਾਂ ਦੀ ਲਾਜ ਨਾ ਰੱਖੀ ਤੇ ਇਸ ਨੂੰ ਤਿਲਾਂਜਲੀ ਦੇ ਦਿੱਤੀ ਤਾਂ ਸਾਡੇ ਤੇ



ਮਨੁੱਖ ਵਿਚ ਭਲਾ ਕੀ ਅੰਤਰ ਕੀ ਫਰਕ ਰਹਿ ਜਾਵੇਗਾ?ਕੀ ਅਸੀਂ ਵੀ ਮਨੁੱਖ ਵਾਂਗ ਹੀ ਜਾਲਿਮ ਤੇ ਨਿਰਦਈ ਹੋ ਜਾਈਏ?

ਚੀਤਾ ਨਹੀਂ ਬੱਬਰ ਸਾਹਬ ਨਹੀਂ ਇਨ੍ਹਾਂ ਕੀੜੇ-ਮਕੌੜਿਆਂ ਦੇ ਆਖੇ ਲੱਗਕੇ ਕੋਈ ਨੁਕਸਾਨ ਨਾ ਕਰਵਾ ਬੈਠੀਏ । ਤੁਸੀ ਮੇਨੂੰ ਹੁਕਮ ਕਰੋ ਮੈਂ ਦੋ ਮਿੰਟ 'ਚ ਇਨ੍ਹਾਂ ਮਨੁੱਖੀ-ਵਹਿਸੀਆਂ ਤੋ ਸੱਚ ਬੁਲਵਾ ਲਵਾਂਗਾ।

ਸ਼ੇਰ ਹਾਂ ਜੀ ਬੱਬਰ ਸਾਹਿਬ ! ਇਹ ਪਿਆਰ ਮੁਹੱਬਤ ਨਾਲ ਮੰਨਣ ਵਾਲੇ ਇਨਸਾਨ ਨਹੀ, ਇਹ ਤਾਂ ਡੰਡੇ ਦਾ ਹੁਕਮ ਮੰਨਦੇ ਨੇ। ਤੁਸੀਂ ਸਾਨੂੰ ਇਜਾਜ਼ਤ ਤਾਂ ਦਿਓ, ਅਸੀਂ--

ਬੱਬਰ ਸ਼ੇਰ ਚੁੱਪ ਕਰੋ ਸਬਰ ਸੰਤੋਖ ਤੋ ਕੰਮ ਲੈਣਾ ਸਿੱਖੋ । ਇਹ ਕਿਤੇ ਨੱਠੇ ਨੀ ਜਾਂਦੇ, ਸਾਥੋ ਬਚਕੇ ਇਹ ਕਿਤੇ ਨੀ ਜਾ ਸਕਦੇ। ਏਥੇ ਆਪਣਾ ਸਿੰਘਾਂ-ਸ਼ੇਰਾਂ ਦਾ ਰਾਜ ਐ।

(ਆਦਮੀਆਂ ਨੂੰ ਸੰਬੋਧਤ) ਹਾਂ ਬਈ ਮਨੁੱਖੋਂ ਪ੍ਰੇਮ-ਪਿਆਰ ਦੀ ਭਾਸ਼ਾ 'ਚ ਸੱਚੋ-ਸੱਚ ਦੱਸ ਦਿਓ ਕਿ ਤੁਸੀਂ ਕੌਣ ਹੋ,ਅਸੀ ਤੁਹਾਡੀਆਂ ਜਾਨਾਂ ਬਖਸ਼ ਦਿਆਂਗੇ।

ਆਦਮੀ-1 ਅਸੀਂ ਆਪਣੀਆਂ ਜਾਨਾਂ ਦੀ ਭੀਖ ਹੀ ਕਦੋਂ ਮੰਗੀ ਐ? ਅਸੀਂ ਤਾਂ ਅਣਖ,ਆਬਰੂ ਨਾਲ ਜੀਣ ਵਾਲੇ ਯੋਧੇ ਹਾਂ।

ਆਦਮੀ-2 ਅਸੀਂ ਕਿਸੇ ਵੀ ਪ੍ਰਕਾਰ ਦੀ ਮੁਸੀਬਤ ਤੋਂ ਘਬਰਾਉਣ ਵਾਲੇ ਨਹੀਂ ਸੀ ਇਰਾਦੇ ਬੁਲੰਦ ਹਨ ਬੇਸ਼ਕ ਅਜਮਾਇਸ਼ ਕਰਕੇ ਵੇਖ ਲਵੇ।

ਚੀਤਾ ਦੇਖੋ ਤਾਂ ਜੀ ਤੁਹਾਡੇ ਸਾਹਮਣੇ ਕਿਵੇ ਸੀਨਾ ਤਾਣਕੇ ਖੜ੍ਹੇ ਐ? ਇਨ੍ਹਾਂ ਦੀ ਹੈਂਕੜ ਤੇ ਚੌਧਰ ਦਾ ਬੀਜ ਨਾਸ ਕਰ ਦੇਣਾ ਚਾਹੀਦੈ ।

ਬੱਬਰ ਸ਼ੇਰ ਚੁੱਪ ਰਹੋ ਤੁਸੀਂ,ਆਪਣੀ ਜ਼ੁਬਾਨ 'ਤੇ ਕੰਟਰੋਲ ਕਰਨਾ ਸਿੱਖੋ-ਸਿੱਖੋ?
(ਆਦਮੀਆਂ ਨੂੰ)
ਹਾਂ ਬਈ ਭਲੇਮਾਣਸੋ ਦੱਸੋ ਕਿ ਤੁਸੀ ਕੌਣ ਜੇ?

ਦੋਨੋਂ ਆਦਮੀ (ਇਕੱਠੇ ਹੀ) ਅਸੀਂ ਇਨਸਾਨ ਹਾਂ-ਸਿਰਫ ਇਨਸਾਨ ।

ਬੱਬਰ ਸ਼ੇਰ (ਮੁਸਕਰਾਕੇ) ਉਹ ਤਾਂ ਮੈ ਵੀ ਵੇਖ ਰਿਹਾ ਹਾਂ ਕਿ ਤੁਸੀਂ ਮਨੁੱਖੀਸਤਾਨ ਦੇ ਇਨਸਾਨ ਹੋ । ਪਰ ਤੁਸੀਂ ਏਥੇ ਸਾਡੇ ਜੰਗਲ ਵਿਚ ਕੀ ਲੈਣ ਆਏ ਹੋ?

ਆਦਮੀ-1 ਤੁਹਾਡੇ ਇਸ ਮਹਾਨ ਜੰਗਲ ਦੀ ਸਰਨ ਵਿਚ ਆਏ ਹਾਂ ਮਹਾਰਾਜ ।

ਬੱਬਰ ਸ਼ੇਰ (ਹੈਰਾਨ ਹੋਕੇ) ਉਹ ਕਿਉਂ ਮਨੁੱਖੀ ਰਾਜ ਦੇ ਬਾਸ਼ਿੰਦਿਓ?

ਆਦਮੀ 1 ਕਿਉਂਕਿ ਮਨੁੱਖੀਸਤਾਨ ਦੀ ਸਰਕਾਰ ਸਾਡੀ ਪੱਕੀ ਦੁਸ਼ਮਣ ਹੈ। ਉਥੋਂ ਦੇ ਅਖੌਤੀ ਧਾਰਮਿਕ ਆਗੂ ਤੇ ਗੈਰ-ਸਮਾਜੀ ਅਨਸਰ ਸਾਡਾ ਕਦਮ-ਕਦਮ 'ਤੇ ਵਿਰੋਧ ਕਰ ਰਹੇ ਹਨ।

ਆਦਮੀ-2 ਉਨ੍ਹਾਂ ਸਾਡੇ ਕਈ ਸਾਥੀਆਂ ਨੂੰ ਸਹੀਦ ਕਰ ਦਿੱਤਾ ਹੈ ਤੇ ਕਈਆਂ ਨੂੰ ਜੇਲਾਂ ਵਿਚ ਸੁੱਟ ਦਿੱਤੇ ।ਏਥੋਂ ਤੱਕ ਕਿ ਵਰ੍ਹਿਆਂ ਤੋਂ ਉਨ੍ਹਾਂ 'ਤੇ ਕੋਈ ਮੁਕੱਦਮੇ ਵੀ ਨਹੀ ਚਲਾਏ ਜਾ ਰਹੇ।

ਆਦਮੀ-2 ਉਹ ਤੇ ਉਨ੍ਹਾਂ ਦੇ ਆਵਾਰਾ ਕੁੱਤੇ ਸਾਡਾ ਘਰ-ਘਰ, ਗਲੀ-ਗਲੀ, ਪਿੰਡ-ਪਿੰਡ ਤੇ ਸ਼ਹਿਰ-ਸੁਰ ਪਿੱਛਾ ਕਰ ਰਹੇ ਹਨ,

ਆਦਮੀ-1 ਕਿਉਕਿ ਅਸੀ ਹਾਲੇ ਗਿਣਤੀ ਵਿਚ ਬਹੁਤ ਥੋੜ੍ਹੇ ਹਾਂ, ਇਸ ਲਈ ਗੁਰੀਲਾ ਨੀਤੀ ਅਪਣਾਈ ਹੋਈ ਐ।

ਆਦਮੀ-2 ਅਸੀ ਆਪਣੀ ਅਲੱਗ ਰਣਨੀਤੀ ਅਪਣਾਈ ਹੋਈ ਐ ।ਅਸੀ ਕੇਵਲ ਆਪਣੀ ਰਣਨੀਤੀ ਨਾਲ ਉਨ੍ਹਾਂ ਦਾ ਮੁਕਾਬਲਾ ਹੀ ਨਹੀ ਕਰਦੇ, ਲੁਕ ਛਿਪ ਕੇ ਵਾਰ ਵੀ ਕਰਦੇ ਹਾਂ ।

ਆਦਮੀ-1 ਆਪਣਾ ਲਿਟਰੇਚਰ ਖੁਦ ਗੁਪਤ ਰੂਪ ਵਿਚ ਅਵਾਮ ਤੱਕ ਪਹੁੰਚਾਉਂਦੇ ਹਾਂ।

ਆਦਮੀ-2 ਦਰਅਸਲ ਇਨ੍ਹਾਂ ਕੁਰਸੀ ਦੇ ਭੁੱਖਿਆਂ ਨੇ ਸਾਡੇ ਸਾਥੀਆਂ 'ਤੇ ਬੜੇ ਤਸ਼ੱਦਦ ਕੀਤੇ ਨੇ।

ਆਦਮੀ- 1 ਇਨ੍ਹਾਂ ਦੇ ਕਾਲੇ ਕਾਨੂੰਨਾਂ ਤੋ ਉਥੋ ਦੇ ਸ਼ਰੀਫ ਤੇ ਸੱਚੇ ਸੁੱਚੇ ਮਨੁੱਖਾਂ ਨੂੰ ਬਹੁਤ ਖਤਰਾ ਹੈ ।ਸਾਰੀ ਜਨਤਾ ਹੀ ਦੁਖੀ ਹੈ ।

ਆਦਮੀ-2 ਅਸੀਂ ਇਨ੍ਹਾਂ ਕਾਲੇ ਕਾਨੂੰਨਾ ਦੇ ਖਿਲਾਫ ਲੜ ਰਹੇ ਹਾਂ। ਫਿਰਕੂ ਅਨਸਰ ਵੈਰੀ ਹਨ ਜਿਤਨੇ ਕਿ ਗੈਰ-ਸਮਾਜੀ ਤੱਤ।

ਆਦਮੀ-1 ਉਨ੍ਹਾਂ ਕੋਲ ਬੇਸ਼ੁਮਾਰ ਫੌਜਾਂ ਹਨ,ਅੰਨ੍ਹੇ ਹਥਿਆਰ ਹਨ, ਉਹ ਹਰ ਹੀਲਾ-ਵਸੀਲਾ ਵਰਤਦੇ ਹਨ ।

ਆਦਮੀ-2 ਅਸੀ ਉਨ੍ਹਾਂ ਦੀਆਂ ਤਾਂਤਰਿਕੀ ਸ਼ਕਤੀਆਂ ਨੂੰ ਸਿੱਧਾ ਚੈਲਿੰਜ ਕੀਤਾ ਹੋਇਐ । ਉਨ੍ਹਾਂ ਖਿਲਾਫ਼ ਲੋਕ-ਸੰਘਰਸ਼ ਨੂੰ ਵੀ ਤੇਜ ਕੀਤੈ।

ਆਦਮੀ-1 ਜਾਪਦੈ ਜਿੱਤ ਸਾਡੀ ਹੀ ਹੋਵੇਗੀ ।ਉਹ ਗੁੰਡੇ, ਲੁਟੇਰੇ, ਬਦਮਾਸ਼, ਜਨੂੰਨੀ ਤੇ ਭ੍ਰਿਸ਼ਟ ਅੰਤ ਨੂੰ ਹਾਰ ਜਾਣਗੇ।

ਆਦਮੀ-2 ਇਸੇ ਲਈ ਅਸੀ ਆਪਣੀ ਸਾਰਥਕ ਸੋਚ ਦੇ ਕਾਫਲੇ ਦੀ ਸਹਿਮਤੀ ਲਈ ਤੁਹਾਡੀ ਸ਼ਰਨ ਵਿਚ ਆਏ ਹਾਂ, ਤੁਹਾਡੀ ਮੱਦਦ ਸਹਾਇਤਾ ਲਈ?

ਆਦਮੀ-1 ਸਾਨੂੰ ਪੂਰਣ-ਆਸ ਹੈ ਕਿ ਆਪ ਜ਼ਰੂਰ ਕੋਈ ਹਾਂ-ਪੱਖੀ ਹੁੰਗਾਰਾ ਦੇਵੋਗੇ । (ਪਰਦੇ ਪਿੱਛਿਓਂ ਜਾਨਵਰਾਂ ਦੀਆਂ ਪਹਿਲਾਂ ਡਰਾਉਣੀਆਂ ਤੇ ਫਿਰ ਰੋਣੀਆਂ ਆਵਾਜਾਂ ਸੁਣਾਈ ਦਿੰਦੀਆਂ ਹਨ ।ਮਾਹੌਲ ਇਕਦਮ ਅਜੀਬ ਸਕਲ ਅਖਤਿਆਰ ਕਰ ਲੈਂਦਾ ਹੈ ।)

ਬੱਬਰ ਸ਼ੇਰ ਖਾਮੋਸ਼!!! (ਆਵਾਜ਼ਾਂ ਬੰਦ ਹੋ ਜਾਂਦੀਆਂ ਹਨ)—(ਆਦਮੀਆਂ ਨੂੰ) ਤੁਸੀਂ ਆਪਣੀ ਗੱਲ ਜਾਰੀ ਰੱਖੋ ਆਦਮੀਓ!ਸਾਥੀਓ!



ਚੀਤਾ (ਗੁੱਸੇ ਵਿਚ)ਬੱਬਰ ਸਾਹਬ! ਇਹ ਸਾਥੀ ਨਹੀ ਹਨ, ਇਹ ਤਾਂ ਮੈਨੂੰ ਦੁਸ਼ਮਣ ਦੇ ਜਸੂਸ ਜਾਪਦੇ ਹਨ ।

ਸ਼ੇਰ ਇਹ ਮਨੁੱਖੀਸਤਾਨ ਦੇ ਏਜੰਟ ਹਨ, ਇਨ੍ਹਾਂ ਨੂੰ ਮ੍ਰਿਤੂ ਦੰਡ ਦੇਣਾ ਹੀ ਉਚਿਤ ਹੋਵੇਗਾ ।

ਗੈਂਡਾ ਇਨ੍ਹਾਂ ਤੋਂ ਮਨੁੱਖੀ-ਮੁਲਕ ਦੇ ਗੁਪਤ-ਭੇਦ ਹਾਸਲ ਕਰਨ ਲਈ ਇਨ੍ਹਾਂ ਨੂੰ ਅਣ-ਮਨੁੱਖੀ ਤਸੀਹੇ ਦਿੱਤੇ ਜਾਣ।

ਹਾਥੀ ਮੂਰਖੋ ਅਗਿਆਨੀਓ! ਅਜਿਹਾ ਕਰਨ ਦੀ ਸੂਰਤ ਵਿੱਚ ਫੇਰ ਸਾਡ ਤੇ ਇਨ੍ਹਾਂ ਆਦਮੀਆਂ ਵਿਚ ਕੀ ਫਰਕ ਰਹਿ ਜਾਵੇਗਾ?ਮਹਾਰਾਜਾ ਸਾਹਿਬ! ਇਨ੍ਹਾਂ ਦੀ ਗੱਲਬਾਤ ਸੁਣਕੇ ਮੈਂ ਇਸ ਸਿੱਟੇ ਤੇ ਅੱਪੜਿਆ ਹਾਂ ਕਿ ਇਨ੍ਹਾਂ ਸਹੀ ਤੇ ਉਸਾਰੂ ਸੋਚ ਵਾਲਿਆਂ ਦਾ ਸਾਥ ਦਿੱਤਾ ਜਾਵੇ ।ਬਲਕਿ ਮੈ ਤਾਂ ਇਹ ਵੀ ਕਹਾਂਗਾ ਕਿ ਸਾਡਾ ਜੰਗਲੀਸਤਾਨ ਇਨ੍ਹਾਂ ਦੀ ਹਰ ਮਦਦ, ਹਰ ਸਹਾਇਤਾ ਕਰਨ ਲਈ ਮੂਹਰੇ ਆਵੇ।

ਲੂੰਬੜੀ (ਸ਼ੱਕ ਨਾਲ) ਪਰ ਮਹਾਰਾਜਾ ਸਾਹਿਬ! ਮੈਨੂੰ ਇਕ ਡਾਊਟ ਐ ਕਿ ਇਨ੍ਹਾਂ ਵਿਚੋਂ ਇਕ ਦਾ ਸਿਰ ਨੰਗਾ ਹੈ ਤੇ ਦੂਸਰੇ ਦੇ ਸਿਰ ਟੋਪੀ ਪਾਈ ਹੋਈ ਐ । ਇਸ ਬਾਰੇ ਸੋਚਣੇ ਦੀ ਲੋੜ ਏ।

ਬੱਬਰ ਸ਼ੇਰ ਹਾਂ ਬਈ ਇਸ ਬੀਬਾ ਨੇ ਬੜੀ ਸਿਆਣੀ ਗੱਲ ਕੀਤੀ ਹੈ।(ਆਦਮੀਆਂ ਨੂੰ ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਤੁਸੀਂ ਆਦਮੀ ਹੋ । ਪਰ ਅਸਲ ਮਾਅਨਿਆਂ ਵਿਚ ਤੁਸੀਂ ਹੋ ਕੌਣ?

ਦੋਨੋਂ ਆਦਮੀ (ਇਕੱਠਿਆਂ ਹੀ) ਜੀ ਇਨਸਾਨ-ਤੇ ਸਿਰਫ ਇਨਸਾਨ!

ਬੱਬਰ ਸ਼ੇਰ (ਹੱਸਕੇ) ਉਹ ਤਾਂ ਮੈ ਵੀ ਜਾਣਦਾ ਹਾ ਪਰ ਫਿਰ ਮੇਰਾ ਸਵਾਲ ਹੈ ਕਿ ਤੁਸੀ ਕੌਣ ਹੋ? ਮਸਲਨ, ਹਿੰਦੂ, ਸਿੱਖ, ਮੁਸਲਮਾਨ, ਈਸਾਈ ਜਾਂ—?

ਆਦਮੀ 1 ਅਸੀਂ ਇਨ੍ਹਾਂ ਵਿਚੋ ਕੋਈ ਵੀ ਨਹੀਂ ਹਾਂ,ਅਸੀ ਸਿਰਫ ਤੇ ਸਿਰਫ ਇਨਸਾਨ ਹਾਂ।

ਆਦਮੀ 2 ਇਹੀਓ ਸਾਡਾ ਧਰਮ ਹੈ ਤੇ ਈਮਾਨ ਵੀ

ਬੱਬਰ ਸ਼ੇਰ ਪ੍ਰੰਤੂ ਮਨੁੱਖੀਸਤਾਨ ਵਿਚ ਤਾਂ ਸੁਣਿਐ ਕਿ ਬਹੁਤ ਸਾਰੀਆਂ ਜਾਤਾਂ ਹਨ,ਧਰਮ ਹਨ? ਫਿਰਕੇ ਹਨ,ਬਿਰਾਦਰੀਆਂ ਹਨ? ਉਥੇ ਉਚ ਨੀਚ ਵੀ ਹੈ, ਹਰ ਤਰ੍ਹਾਂ ਦਾ ਵਿਤਕਰਾ ਵੀ ਹੈ,ਫ਼ੇਰ ਵੀ—? ਤੁਹਾਡੀ ਕੋਈ ਜਾਤ, ਬਿਰਾਦਰੀ, ਕੋਈ ਫਿਰਕਾ ਕੋਈ ਧਰਮ-?

ਆਦਮੀ 1 ਜੀ ਅਸੀਂ ਸੱਚ ਬੋਲਦੇ ਹਾਂ ਕਿ ਅਸੀਂ ਕੇਵਲ ਇਨਸਾਨ ਹਾਂ ।

ਬੱਬਰ ਸ਼ੇਰ ਇਸਦਾ ਕੋਈ ਠੋਸ ਸਬੂਤ?ਤਾਂ ਕਿ ਸੱਚਾਈ ਸਾਹਮਣੇ ਆ ਸਕੇ ।

ਆਦਮੀ 2 ਸਾਡੇ ਸਰੀਰ ਵਿਚੋ ਲਹੂ ਲੈ ਕੇ ਵੇਖ ਲਵੋ ਜੋ ਇਕੋ ਪ੍ਰਕਾਰ ਦਾ ਹੋਵੇਗਾ--

ਇਕੋ ਰੰਗ–ਲਾਲ ਰੰਗ

ਆਦਮੀ 1 ਜੇ ਅਜਿਹਾ ਨਾ ਹੋਇਆ ਤਾਂ ਅਸੀ ਕਹਿ ਦਿਆਂਗੇ ਕਿ ਅਸੀਂ ਇਨਸਾਨ ਨਹੀ ਹਾਂ ।

(ਸਾਰੇ ਜਾਨਵਰ ਘੁਸਰ–ਮੁਸਰ ਕਰਨ ਲਗਦੇ ਹਨ)

ਬੱਬਰ ਸ਼ੇਰ (ਪ੍ਰਸੰਨ ਹੋਕੇ) ਮੈ ਤੁਹਾਡੀ ਇਨਸਾਨੀਅਤ ਦਾ ਕਾਇਲ ਹਾਂ। ਮੈਨੂੰ ਕਿਸੇ ਵੀ ਹੋਰ ਸਬੂਤ ਦੀ ਜਰੂਰਤ ਨਹੀ । ਸਾਡਾ ਜੰਗਲੀਸਤਾਨ ਤੁਹਾਡੇ ਨਾਲ ਖੜ੍ਹਾ ਹੈ । ਤੁਸੀਂ ਨਿਸਚਿੰਤ ਰਹੋ, ਅਸੀ ਤੁਹਾਨੂੰ ਹਰ ਤਰ੍ਹਾਂ ਦੀ ਸੁਰੱਖਿਆ ਹੀ ਪ੍ਰਦਾਨ ਨਹੀ ਕਰਾਂਗੇ, ਬਲਕਿ ਅਸੀਂ ਤੁਹਾਡੀ ਸਰ–ਜ਼ਮੀਨ ਦੇ ਕੁਰੱਪਟ ਆਗੂਆਂ ਤੇ ਅਧਰਮੀ ਠੇਕੇਦਾਰਾਂ, ਗੁੰਡਾ ਅਨਸਰਾਂ ਅਤੇ ਫਿਰਕਾਪ੍ਰਸਤਾਂ ਨੂੰ ਹਰ ਤਰ੍ਹਾਂ ਦਾ ਸਬਕ ਸਿਖਾਉਣ ਲਈ ਵਚਨਬੱਧਤਾ ਦੁਹਰਉਂਦੇ ਹੋਏ ਉਥੋਂ ਦੇ ਬੇਦਰਦੀ ਸ਼ਾਸਕਾਂ ਦਾ ਸਫਾਇਆ ਕਰਾਂਗਾ ਤੇ ਤੁਹਾਡੇ ਵਰਗੇ ਇਨਸਾਨਾ ਦੇ ਸਰਦਾਰਾਂ ਨੂੰ ਉਥੋਂ ਦੇ ਸੇਵਕ ਨਿਯੁਕਤ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ।

(ਬੱਬਰ ਸ਼ੇਰ ਇਤਨਾ ਕਹਿਕੇ ਖੁਸ ਹੁੰਦਿਆਂ ਪਹਿਲਾਂ ਦਹਾੜਦਾ ਹੈ ਤੇ ਫਿਰ ਉਚੀ ਉਚੀ ਠਹਾਕੇ ਲਗਾਉਂਦਾ ਹੈ)।

(ਆਪਣੇ ਸਾਥੀਆਂ ਨੂੰ) ਕਿਉ ਸਾਥੀਓ ! ਤੁਹਾਨੂੰ ਇਹ ਸਮਝੌਤਾ ਮਨਜੂਰ ਹੈ? ਸਾਰੇ ਜਣੇ (ਖੁਸ਼ੀ ਖੁਸ਼ੀ) ਜੀ ਹਾਂਜੀ ਹਾਂਜੀ ਹਾਂ––ਮਨਜ਼ੂਰ ਮਨਜੂਰ ਹੈ ਮਨਜੂਰ ਬੱਬਰ ਸ਼ੇਰ ਇਸਤਰ੍ਹਾਂ ਸੱਪ ਵੀ ਮਾਰਿਆ ਜਾਵੇਗਾ ਤੇ ਲਾਠੀ ਵੀ ਨਹੀ ਟੁੱਟੇਗੀ, ਫਿਰ ਸੋਚਦਿਆਂ, ਆਦਮੀਆਂ ਨੂੰ ਪਰ–ਪਰ ਇਸਦੇ ਇਵਜ ਤੁਸੀਂ ਸਾਨੂੰ ਕੀ ਦੇਵੋਂਗੇ ਸਾਥੀਓ?

ਦੋਨਾਂ ਆਦਮੀ (ਇਕੱਠੇ ਹੀ) ਆਪਣੀਆਂ ਜਾਨਾਂ

ਬੱਬਰ ਸ਼ੇਰ ਨਹੀਂ ਦੋਸਤੋ ਤੁਹਾਡੀਆਂ ਜਾਨਾਂ ਬਹੁਤ ਕੀਮਤੀ ਹਨ, ਸਾਨੂੰ ਤਾਂ ਸਿਰਫ ਆਪਣੇ ਜੰਗਲੀਸਤਾਨ ਤੇ ਜਾਨਵਰ ਜਾਤੀ ਦੀ ਸੁਰੱਖਿਆ ਹੀ ਬਹੁਤ ਹੋਵੇਗੀ ।ਅਸੀਂ ਤੁਹਾਨੂੰ ਜ਼ਾਲਿਮ ਸਾਮਰਾਜ ਤੋਂ ਨਿਜਾਤ ਦਿਵਾਵਾਂਗੇ। ਤੁਸੀਂ ਇਸਦੇ ਇਵਜ ਕੇਵਲ ਸਾਡੇ ਤੇ ਸਾਡੇ ਪਿਆਰੇ ਜੰਗਲ ਰਾਜ ਦੀ ਸੁਰੱਖਿਆ ਦੀ ਜਾਮਨੀ ।

ਦੋਨੋਂ ਆਦਮੀ ਖੁਸ਼ ਹੁੰਦਿਆਂ, ਜੋਸ਼ ਨਾਲ) ਮਨਜ਼ੂਰ ਹੈ–ਮਨਜ਼ੂਰ ਹੈ–ਹਸਕੇ ਮਨਜ਼ੂਰ ਹੈ–ਹਸਕੇ ਮਨਜੂਰ ਹੈ– ।

ਜਾਨਵਰ ਬੱਬਰ ਸਿੰਘ ਜੀ ਮਹਾਰਾਜ ਤੇ ਜੰਗਲੀਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਹਨ । ਨਾਲ ਹੀ ਜੰਗਲੀਸਤਾਨ ਤੇ ਇਨਸਾਨੀਸਤਾਨ ਦੇ ਵੀ ਨਾਅਰੇ ਲਗਦੇ ਹਨ)



ਬੱਬਰ ਸ਼ੇਰ ਖਾਮੋਸ਼ (ਸਾਰੇ ਜਣੇ ਇਕਦਮ ਚੁੱਪ ਹੋ ਜਾਂਦੇ ਹਨ)

(ਦੋ ਪੱਖਾ ਝਲਦੀਆਂ ਔਰਤਾਂ ਵੱਲ ਤੱਕਦਿਆਂ ਬੱਬਰ ਸ਼ੇਰ ਮੁਸਕਰਾਉਂਦੇ ਹਨ)

(ਨੋਟ ਬੁੱਕ ਵਾਲੀ ਲੜਕੀ ਨੂੰ) ਹਾਂ ਬੀਬਾ ਤੂੰ ਸਾਰੀ ਕਾਰਵਾਈ ਰਿਕਾਰਡ ਕਰ ਲਈ ਹੋਵੇਗੀ, ਇਸ ਦਾ ਅੱਖਰ ਅੱਖਰ ਕੰਪਿਊਟਰ ਵਿੱਚ ਵੀ ਰਿਕਾਰਡ ਕਰ ਲੈਣਾ। ਹਾਲ ਦੀ ਘੜੀ ਮੈਂ ਤੈਨੂੰ ਹੁਕਮ ਕਰਦਾ ਹਾਂ ਕਿ ਤੂੰ ਵੀ ਇਨ੍ਹਾਂ ਦੋਨ੍ਹੋਂ ਪੱਖਾ ਝਲਦੀਆਂ ਔਰਤਾਂ ਨਾਲ ਮਿਲਕੇ ਗਾਣਾ ਗਾਓ ਤੇ ਆਪਣਾ ਨਾਚ ਦਿਖਾਓ !

(ਤਿੰਨੋਂ ਔਰਤਾਂ ਨਰਿਤ ਕਰਦੀਆਂ ਹਨ ਤੇ ਪਰਦੇ ਪਿੱਛਿਓ ਸੰਗੀਤਕ ਧੁੰਨਾ ਨਾਲ ਮਧੁਰ ਗੀਤ ਬਣਾਈ ਦਿੰਦਾ ਹੈ। ਜਾਨਵਰ ਦੀ ਆਪੋ ਆਪਣੇ ਹਿਸਾਬ ਨਾਲ ਨਰਦੇ, ਟਪਦੇ ਹਨ

ਬੱਬਰ ਸ਼ੇਰ ਖਾਮੋਸ਼ (ਸਾਰੇ ਜਾਨਵਰ ਇਕਦਮ ਰੁਕ ਜਾਂਦੇ ਹਨ ਨਰਤਕੀਆਂ ਵੀ ਨਾਚ ਬੰਦ ਕਰਦੀਆਂ ਹਨ ਗੀਤ ਸੰਗੀਤ ਬੰਦ ਹੋ ਜਾਂਦਾ ਹੈ। ਪਹਿਲਾਂ ਆਪਣੀਆਂ ਪੋਜੀਸ਼ਨਾਂ ਸੰਭਾਲਦੇ ਹੋਏ ਇਕ ਨਵੀਂ ਜੰਗ ਲਈ ਤਿਆਰ ਹੋ। ਜਾਓ ਅਤੇ ਮੇਰੀ ਆਵਾਜ਼ ਦੇ ਨਾਲ ਆਵਾਜ ਮਿਲਾਓ !

(ਬੱਬਰ ਸ਼ੇਰ ਨਾਲ ਸਾਰੇ ਗੁਣਗੁਣਾਉਣ ਲਗਦੇ ਹਨ—ਵਤਨ ਪੇ ਜੋ ਫਿਦਾ ਹੋਗਾ ––ਅਮਰ ਵੋ ਨੇ ਜਵਾਂ ਹੋਗਾ–––ਜਬ ਤਲਕ ਰਹੇਗੀ ਯੇ ਦੁਨੀਆ–ਯੇ ਅਫਸਾਨਾ ਬਿਆਂ ਹੋਗਾ–ਵਤਨ ਪੇ ਜੋ ਫਿਦਾ ਹੋਗਾ––

ਸਿਰਫ ਇਹੋ ਨਹੀਂ, ਹੋਰ ਵੀ ਦੇਸ ਭਗਤੀ ਦੇ ਗਾਣੇ ਗੂੰਜਣ ਲਗਦੇ ਹਨ।

**ਸੁਖਮਿੰਦਰ ਸਿੰਘ ਸੇਖੋਂ ਘੁੰਮਣ ਨਗਰ**
**ਸਰਹਿੰਦ ਰੋਡ ਪਟਿਆਲਾ।**

# ਸਮੀਖਿਆ

## ਡਾਲਰ ਮੇਰਾ ਪੁੱਤਰ

ਲੇਖਕ ਸਤਵਿੰਦਰ ਸਿੰਘ ਬੇਗੋਵਾਲੀਆ

ਪੰਨੇ: 96, ਮੁੱਲ 125 ਰੁਪਏ,

ਪ੍ਰਕਾਸ਼ਕ: ਦੀਪਕ ਪਬਲਿਸ਼ਰਜ਼, ਜਲੰਧਰਮ

'ਡਾਲਰ ਮੇਰਾ ਪੁੱਤਰ' ਨਾਟਕ ਸਤਵਿੰਦਰ ਸਿੰਘ ਬੇਗੋਵਾਲੀਆ ਦੀ ਤੀਸਰੀ ਨਾਟ-ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਦੋ ਨਾਟ-ਪੁਸਤਕਾਂ 'ਕਲਯੁੱਗ ਦੀ ਮੈਲ' ਤੇ ਜਬੈ ਬਾਣ ਲਾਗਿਯੋ ਪੰਜਾਬੀ ਸਾਹਿਤ ਨੂੰ ਦੇ ਚੁੱਕਾ ਹੈ ਉਹ ਨਵੀ ਪੀੜ੍ਹੀ ਦਾ ਨਾਟਕਕਾਰ ਹੈ ਜੇ ਨਾਟਕ ਸਿਰਜਣਾ ਦੇ ਨਾਲ ਨਾਲ ਨਾਟਕ ਮੰਚਨ ਨਾਲ ਵੀ ਜੁੜਿਆ ਹੋਇਆ ਹੈ ਉਹ ਪੰਜਾਬੀ ਦੇ ਚਰਚਿਤ ਨਾਟਕਕਾਰ ਅਜਮੇਰ ਸਿੰਘ ਔਲਖ ਤੋਂ ਪ੍ਰਭਾਵਿਤ ਹੈ ਉਸ ਨੇ ਯਥਾਰਥਵਾਦੀ ਦ੍ਰਿਸ਼ਟੀ ਤੋਂ ਸਮਾਜ ਵਿਚਲੀਆਂ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਹੈ

'ਡਾਲਰ ਮੇਰਾ ਪੁੱਤਰ' ਪੂਰਾ ਨਾਟਕ ਹੈ ਇਸ ਵਿਚ ਲੇਖਕ ਨੇ ਅਜੋਕੇ ਦੌਰ ਦੀ ਇਕ ਗੰਭੀਰ ਸਮੱਸਿਆ ਨੂੰ ਪੇਸ਼ ਕੀਤਾ ਹੈ ਅੱਜ ਮਨੁੱਖ ਦੀ ਸੋਚ ਵਿੱਚ ਇਕ ਅਜਿਹਾ ਮਾਰੂ ਰੁਝਾਨ ਪੈਦਾ ਹੋ ਰਿਹਾ ਹੈ ਕਿ ਮਨੁੱਖ ਧਨ ਦੌਲਤ ਪਿੱਛੇ ਆਪਣਿਆਂ ਤੋਂ ਮੂੰਹ ਮੋੜ ਰਿਹਾ ਹੈ। ਹਥਲੀ ਪੁਸਤਕ ਵਿੱਚ ਧੰਨਾ ਸਿੰਘ ਦਾ ਸਾਰਾ ਪਰਿਵਾਰ ਖ਼ੂਨ ਦੇ ਰਿਸ਼ਤੇ 'ਚ ਬੱਝਣ ਦੀ ਥਾਂ ਡਾਲਰਾਂ ਦੇ ਰਿਸ਼ਤੇ 'ਚ ਬੱਝਾ ਹੋਇਆ ਹੈ। ਜਦੋਂ ਬੀਰ ਨੂੰ ਡਿਪੋਰਟ ਕਰ ਦਿੱਤਾ ਜਾਂਦਾ ਹੈ ਤਾਂ ਉਸ ਦੇ ਖਾਲੀ ਹੱਥ ਘਰ ਪਰਤਣ 'ਤੇ ਪਹਿਲੇ ਰਿਸ਼ਤੇ ਟੁੱਟਣ ਲੱਗਿਆਂ ਦੇਰ ਨਹੀਂ ਲਗਦੀ। ਨਾਟਕ ਵਿਚੋਂ ਸਪੱਸਟ ਹੁੰਦਾ ਹੈ ਕਿ ਨੌਜਵਾਨਾਂ ਨੇ ਵਿਦੇਸ਼ਾਂ 'ਚ ਜਾ ਕੇ ਦਿਨ ਰਾਤ ਮਿਹਨਤ ਕਰਨ ਉਪਰੰਤ ਇਧਰ ਰੁਪਏ ਭੇਜੇ ਹਨ। ਇਸ ਨਾਲ ਇਧਰਲਿਆਂ ਦੀ ਆਰਥਿਕਤਾ ਨੂੰ ਹੁਲਾਰਾ ਮਿਲਿਆ ਹੈ। ਪਰ ਇਸ ਹੁਲਾਰੇ ਨੇ ਰਿਸ਼ਤਿਆਂ ਵਿਚ ਅਜਿਹੀਆਂ ਤਰੇੜਾਂ ਪਾਈਆਂ ਹਨ ਕਿ ਧੰਨਾ ਸਿੰਘ ਤੇ ਅਮਰ ਸਿੰਘ ਵਰਗੇ ਲੋਕ ਬਾਹਰਲੇ ਰੁਪਏ ਦੇ ਸਿਰ 'ਤੇ ਪਿੰਡ ਦੀ ਸਰਪੰਚੀ ਕਰਦੇ ਹਨ। ਅਜਿਹੀ ਸਥਿਤੀ 'ਚ ਆਮ ਲੋਕ ਵੀ ਸਵਾਰਥੀ ਹੋ ਕੇ ਉਨ੍ਹਾਂ ਦੀ ਕਮਜ਼ੋਰੀ ਦਾ ਨਜਾਇਜ਼ ਫਾਇਦਾ ਉਠਾਉਂਦੇ ਹਨ। ਦੂਸਰੇ ਪਾਸੇ ਸ਼ਹਿਰੀਂ ਜਾ ਵਸੇ 'ਨੂਰੇ' ਵਰਗੇ ਵੀ ਪਿੰਡ ਆ ਕੇ ਖੁਸ਼ ਨਹੀਂ।

ਨਾਟਕ ਵਿੱਚ ਵਿਦੇਸ਼ਾਂ 'ਚ ਵਸਦੇ ਨੌਜਵਾਨਾਂ ਦੇ ਅਰਮਾਨਾਂ ਦੀ ਗੱਲ ਵੀ ਕੀਤੀ ਗਈ ਹੈ ਜੋ ਤਣਾਓ ਭਰਪੂਰ ਸਥਿਤੀਆਂ 'ਚ ਪਸੀਨਾ ਵਹਾ ਕੇ ਡਾਲਰ ਕਮਾਉਂਦੇ ਹਨ। ਨਾਟਕ ਵਿੱਚ ਉਨ੍ਹਾਂ ਮੁਟਿਆਰਾਂ ਦੇ ਦੁਖਾਂਤ ਨੂੰ ਵੀ ਉਘਾੜਿਆ ਗਿਆ ਹੈ ਜੋ ਬਾਹਰੋਂ




ਆਏ ਮੁੰਡਿਆਂ ਨਾਲ ਵਿਆਹ ਕਰਵਾ ਕੇ ਬਾਹਰ ਜਾਣ ਦੇ ਸੁਪਨੇ ਸੰਜੋਦੀਆਂ ਹਨ ਪਰ ਵਿਆਹ ਮਗਰੋਂ ਅਸਲੀਅਤ ਸਾਹਮਣੇ ਆਉਂਦੀ ਹੈ ਤੇ ਅਜਿਹੀਆਂ ਮੁਟਿਆਰਾਂ ਕਈ ਕਈ ਸਾਲ ਇਧਰ ਸਹੁਰੇ ਘਰ ਹੀ ਨਰਕ ਭੋਗਦੀਆਂ ਹਨ।

ਇਸ ਤਰ੍ਹਾਂ ਲੇਖਕ ਨੇ ਸਾਡੇ ਸਮਾਜ ਵਿੱਚ ਆ ਰਹੀ ਨਕਾਰਤਮਕ ਤਬਦੀਲੀ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਅਜੋਕਾ ਮਨੁੱਖ ਰਿਸ਼ਤਿਆਂ ਵਿਚਲੇ ਨਿੱਘ ਨੂੰ ਮਾਨਣ ਦੀ ਥਾਂ ਆਰਥਿਕ ਨਫ਼ੇ-ਨੁਕਸਾਨ ਦੇ ਆਧਾਰ 'ਤੇ ਰਿਸ਼ਤੇ ਨਿਭਾਉਣ ਲੱਗਾ ਹੈ. ਇਨ੍ਹਾਂ ਰਿਸ਼ਤਿਆਂ ਦਾ ਆਧਾਰ ਪੀਡਾ ਹੋਣ ਦੀ ਥਾਂ ਰੇਤ ਦੀਆਂ ਕੰਧਾਂ ਵਾਂਗ ਹੁੰਦਾ ਹੈ। ਜਦੋਂ ਆਰਥਿਕ ਸਥਿਤੀ ਬਦਲਦੀ ਹੈ ਤਾਂ ਲੋਕ ਰਿਸ਼ਤੇ ਭੁਲਾ ਬੈਠਦੇ ਹਨ। ਅਜਿਹੀ ਸਥਿਥੀ ਹੀ ਤਣਾਓ ਸਿਰਜਦੀ ਹੈ। ਨਾਟਕ ਵਿਚਲਾ ਬੀਰ ਜਦੋਂ ਨੰਗੀ ਤਲਵਾਰ ਲਈ ਭਰਾ ਭਰਜਾਈ ਨੂੰ ਮਾਰਨ ਤੇ ਘਰ ਫੂਕਣ ਤੱਕ ਜਾਂਦਾ ਹੈ, ਉਹ ਇਥੇ ਸਥਿਤੀ ਦਾ ਪ੍ਰਤੀਕਰਮ ਹੀ ਹੈ।

ਨਾਟਕਕਾਰ ਨਾਟਕ ਦੇ ਰੂਪਕ ਪੱਖ ਪ੍ਰਤੀ ਵੀ ਸੁਚੇਤ ਹੈ, ਸਾਰੇ ਪਾਤਰ ਆਪੋ ਆਪਣੇ ਰਿਕਦਾਰ ਦੀ ਪ੍ਰਤੀਨਿਧਤਾ ਕਰਨ ਵਾਲੇ ਪਾਤਰ ਹੋ ਨਿਬੜੇ ਹਨ। ਨਾਟਕੀ ਵਾਰਤਾਲਾਪਾਂ ਦੀ ਭਾਸ਼ਾ ਪ੍ਰਭਾਵਸ਼ਾਲੀ ਹੈ। ਨਾਟਕਕਾਰ ਨੇ ਗੀਤਾਂ, ਟੱਪਿਆਂ, ਵਾਕੰਸ਼ਾਂ, ਅਖਾਣਾਂ ਤੇ ਮੁਹਾਵਰਿਆਂ ਦੀ ਉਚਿਤ ਵਰਤੋਂ ਕੀਤੀ ਹੈ। ਨਾਟਕ ਵਿਚਲੀ ਭਾਸ਼ਾ ਕਈ ਥਾਂ 'ਤੇ ਪ੍ਰਤੀਕਮਈ ਹੈ 'ਉਹ ਕੋਹੜ ਕਿਰਲੀ, ਇਨ੍ਹਾਂ ਕੀੜਿਆਂ ਨੂੰ ਖਾ ਜਾਵੇਗੀ। ਇਕ ਪਾਸੇ ਜ਼ੋਰਾਵਰ ਤੇ ਦੂਜੇ ਪਾਸੇ ਵਿਚਾਰੇ ਪਤੰਗੇ। ਅਜਿਹੀ ਭਾਸ਼ਾ ਨਾਟਕ ਦੇ ਵਿਸ਼ੇ ਨੂੰ ਡੂੰਘੇ ਅਰਥ ਪ੍ਰਦਾਨ ਕਰਦੀ ਹੈ। ਨਾਟਕ ਸਿਰਜਣਾ ਸਮੇਂ ਮੰਚੀ ਲੋੜਾਂ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਹੈ। ਸਮੁੱਚੇ ਤੌਰ 'ਤੇ ਇਹ ਨਾਟਕ ਮਨੁੱਖੀ ਰਿਸ਼ਤਿਆਂ ਵਿੱਚ ਆ ਰਹੀਆਂ ਤਰੇੜਾਂ ਦੀ ਚਿੰਤਾ ਦਾ ਅਹਿਸਾਸ ਕਰਵਾਉਣ 'ਚ ਸਫ਼ਲ ਹੋਇਆ ਹੈ, ਇਹੋ ਇਸ ਨਾਟਕ ਦੀ ਪ੍ਰਾਪਤੀ ਹੈ।

**ਡਾ. ਸੁਖਦੇਵ ਸਿੰਘ**

◆◆◆



**ਨਾਮਵਰ ਪੰਜਾਬੀ ਲੇਖਕ ਡਾ.ਜਸਵੰਤ ਬੇਗੋਵਾਲ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ । ਉਹਨਾਂ ਦੇ ਜਾਣ ਨਾਲ ਪੰਜਾਬੀ ਸਾਹਿਤ ਜਗਤ ਨੂੰ ਬਹੁਤ ਘਾਟਾ ਪਿਆ ਹੈ ਅਦਾਰਾ "ਰੂਹ ਪੰਜਾਬੀ" ਉਨ੍ਹਾਂ ਦੇ ਵਿਛੋੜੇ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਪਰਮਾਤਮਾ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।**